ੴ ਵਾਹਿਗੁਰੂ ਜੀ ਕੀ ਫ਼ਤਹਿ।।

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 19/01 ਜਨਵਰੀ 2019 - ਨਾਨਕਸ਼ਾਹੀ ਪੋਹ-ਮਾਘ 550

## ਇਤਿਹਾਸਿਕ ਦਿਹਾੜੇ

### ਜਨਵਰੀ ਅਤੇ ਫਰਵਰੀ 2019

| | |
|---|---|
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 13 ਜਨਵਰੀ |
| ਨੀਂਹ ਪੱਥਰ ਸ੍ਰੀ ਹਰਿਮੰਦਰ ਸਾਹਿਬ | 14 ਜਨਵਰੀ |
| ਚਾਬੀਆਂ ਦਾ ਮੋਰਚਾ | 20 ਜਨਵਰੀ |
| ਜਨਮ ਦਿਹਾੜਾ ਬਾਬਾ ਦੀਪ ਸਿੰਘ ਜੀ | 27 ਜਨਵਰੀ |
| ਵੱਡਾ ਘੱਲੂਘਾਰਾ ਕੁੱਪ-ਰਹੀੜਾ (ਸੰਗਰੂਰ) | 9 ਫਰਵਰੀ |
| ਜਨਮ ਦਿਹਾੜਾ ਸਾਹਿਬਜ਼ਾਦਾ ਅਜੀਤ ਸਿੰਘ ਜੀ | 12 ਫਰਵਰੀ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 17 ਫਰਵਰੀ |
| ਜਨਮ ਦਿਹਾੜਾ ਭਗਤ ਰਵਿਦਾਸ ਜੀ | 19 ਫਰਵਰੀ |
| ਸਾਕਾ ਨਨਕਾਣਾ ਸਾਹਿਬ (ਪਾਕਿਸਤਾਨ ) | 22 ਫਰਵਰੀ |
| ਜੈਤੋ ਦਾ ਮੋਰਚਾ (ਫਰੀਦਕੋਟ) | 22 ਫਰਵਰੀ |

www.gurmatparsar.com

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com

# ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ (ਜੀਵਨ ਜੁਗਤਿ)

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥

ਮਾਝ ਬਾਰਹਮਾਹਾ (ਮਃ ੫) ਅੰਗ ੧੩੫

ਪਦ ਅਰਥ:- ਮਾਘ-ਮਾਘ ਨਖ੍ਹਤ੍ਰ ਵਾਲੀ ਪੂਰਨਮਾਸੀ ਦਾ ਮਹੀਨਾ । ਮਾਘਿ-ਮਾਘ ਮਹੀਨੇ ਵਿੱਚ । {ਨੋਟ :-ਇਸ ਮਹੀਨੇ ਦਾ ਪਹਿਲਾ ਦਿਨ ਹਿੰਦੂ-ਸ਼ਾਸਤ੍ਰਾਂ, ਅਨੁਸਾਰ ਬੜਾ ਪਵਿਤ੍ਰ ਹੈ, ਹਿੰਦੂ ਸੱਜਣ ਮਾਘੀ ਵਾਲੇ ਦਿਨ ਪ੍ਰਯਾਗ ਤੀਰਥ ਤੇ ਇਸ਼ਨਾਨ ਕਰਨਾ ਬਹੁਤ ਪੁੰਨ ਕੰਮ ਸਮਝਦੇ ਹਨ} । ਮਜਨੁ-ਚੁੱਭੀ । ਦਾਨੁ-ਨਾਮੁ ਦਾ ਦਾਨ । ਜਨਮ ਕਰਮ ਮਲੁ-ਕਈ ਜਨਮਾਂ ਦੇ ਕੀਤੇ ਕਰਮਾਂ ਤੋਂ ਪੈਦਾ ਹੋਈ ਵਿਕਾਰਾਂ ਦੀ ਮੈਲ । ਗੁਮਾਨੁ-ਅਹੰਕਾਰ । ਕਾਮਿ-ਕਾਮ ਵਿੱਚ । ਕਰੋਧਿ-ਕ੍ਰੋਧ ਵਿੱਚ । ਮੋਹੀਐ-ਠੱਗੇ ਜਾਈਦਾ । ਸੁਆਨੁ-ਕੁੱਤਾ । ਮਾਰਗਿ-ਰਸਤੇ ਉੱਤੇ । ਉਸਤਤਿ-ਸੋਭਾ। ਅਠਸਠਿ-ਅਠਾਹਠ । ਪਰਵਾਨੁ-ਮੰਨਿਆ-ਪ੍ਰਮੰਨਿਆ(ਧਾਰਮਿਕ ਕੰਮ)। ਕਰਿ-ਕਰ ਕੇ । ਸੁਜਾਨੁ-ਸਿਆਣਾ । ਕਾਂਢੀਅਹਿ-ਆਖੇ ਜਾਂਦੇ ਹਨ ।

**ਅਰਥ**:- ਮਾਘ ਵਿੱਚ (ਮਾਘੀ ਵਾਲੇ ਦਿਨ ਲੋਕ ਪ੍ਰਯਾਗ ਆਦਿਕ ਤੀਰਥਾਂ ਤੇ ਇਸ਼ਨਾਨ ਕਰਨਾ ਬੜਾ ਪੁੰਨ ਸਮਝਦੇ ਹਨ, ਪਰ ਤੂੰ ਹੇ ਭਾਈ !) ਗੁਰਮੁਖਾਂ ਦੀ ਸੰਗਤਿ ਵਿੱਚ (ਬੈਠ, ਇਹੀ ਹੈ ਤੀਰਥਾਂ ਦਾ) ਇਸ਼ਨਾਨ, ਉਹਨਾਂ ਦੀ ਚਰਨ ਧੂੜ ਵਿੱਚ ਇਸ਼ਨਾਨ ਕਰ (ਨਿਮ੍ਰਤਾ-ਭਾਵ ਨਾਲ ਗੁਰਮੁਖਾਂ ਦੀ ਸੰਗਤਿ ਕਰ, ਉਥੇ) ਪਰਮਾਤਮਾ ਦਾ ਨਾਮ ਜਪ, ਪਰਮਾਤਮਾ ਦੀ ਸਿਫ਼ਤਿ-ਸਾਲਾਹ ਸੁਣ, ਹੋਰ ਸਭਨਾਂ ਨੂੰ ਇਹ ਨਾਮ ਦੀ ਦਾਤਿ ਵੰਡ, (ਇਸ ਤਰ੍ਹਾਂ) ਕਈ ਜਨਮਾਂ ਦੇ ਕੀਤੇ ਕਰਮਾਂ ਤੋਂ ਪੈਦਾ ਹੋਈ ਵਿਕਾਰਾਂ ਦੀ ਮੈਲ (ਤੇਰੇ ਮਨ ਤੋਂ) ਲਹਿ ਜਾਇਗੀ, ਤੇਰੇ ਮਨ ਵਿਚੋਂ ਅਹੰਕਾਰ ਦੂਰ ਹੋ ਜਾਇਗਾ ।

(ਸਿਮਰਨ ਦੀ ਬਰਕਤਿ ਨਾਲ) ਕਾਮ ਵਿੱਚ ਕ੍ਰੋਧ ਵਿੱਚ ਨਹੀਂ ਫਸੀਦਾ, ਲੋਭ-ਕੁੱਤਾ ਭੀ ਮੁੱਕ ਜਾਂਦਾ ਹੈ (ਲੋਭ,ਜਿਸ ਦੇ ਅਸਰ ਹੇਠ ਮਨੁੱਖ ਕੁੱਤੇ ਵਾਂਗ ਦਰ ਦਰ ਤੇ ਭਟਕਦਾ ਹੈ) । ਇਸ ਸੱਚੇ ਰਸਤੇ ਉੱਤੇ ਤੁਰਿਆਂ ਜਗਤ ਦੀ ਸੋਭਾ ਕਰਦਾ ਹੈ । ਅਠਾਹਠ ਤੀਰਥਾਂ ਦਾ ਇਸ਼ਨਾਨ, ਸਾਰੇ ਪੁੰਨ ਕਰਮ, ਜੀਵਾਂ ਉੱਤੇ ਦਇਆ ਕਰਨੀ ਜੋ ਧਾਰਮਿਕ ਕੰਮ ਮੰਨੀ ਗਈ ਹੈ (ਇਹ ਸਭ ਕੁਝ ਸਿਮਰਨ ਦੇ ਵਿੱਚ ਹੀ ਆ ਜਾਂਦਾ ਹੈ) ।

ਪਰਮਾਤਮਾ ਕਿਰਪਾ ਕਰ ਕੇ ਜਿਸ ਮਨੁੱਖ ਨੂੰ (ਸਿਮਰਨ ਦੀ ਦਾਤਿ) ਦੇਂਦਾ ਹੈ, ਉਹ ਮਨੁੱਖ (ਜ਼ਿੰਦਗੀ ਦੇ ਸਹੀ ਰਸਤੇ ਦੀ ਪਛਾਣ ਵਾਲਾ) ਸਿਆਣਾ ਹੋ ਜਾਂਦਾ ਹੈ ।

ਹੇ ਨਾਨਕ ! (ਆਖ-) ਜਿਨ੍ਹਾਂ ਨੂੰ ਪਿਆਰਾ ਪ੍ਰਭੂ ਮਿਲ ਪਿਆ ਹੈ, ਮੈਂ ਉਹਨਾਂ ਤੋਂ ਸਦਕੇ ਹਾਂ । ਮਾਘ ਮਹੀਨੇ ਵਿੱਚ ਸਿਰਫ਼ ਉਹੀ ਸੁੱਚੇ ਬੰਦੇ ਆਖੇ ਜਾਂਦੇ ਹਨ, ਜਿਨ੍ਹਾਂ ਉੱਤੇ ਪੂਰਾ ਸਤਿਗੁਰੂ ਦਇਆਵਾਨ ਹੁੰਦਾ ਹੈ (ਤੇ ਜਿਨ੍ਹਾਂ ਨੂੰ ਸਿਮਰਨ ਦੀ ਦਾਤਿ ਦੇਂਦਾ ਹੈ) । ੧੨।

---

**ਵਧਾਈਆਂ** **ਨਵਾਂ ਸਾਲ** **ਵਧਾਈਆਂ**

**ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ**
**ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ।**
**ਨਵੇ ਸਾਲ ਦੀ ਆਮਦ ਤੇ ਸਮੂੰਹ ਸਾਧ ਸੰਗਤ ਨੂੰ ਲੱਖ ਲੱਖ ਵਧਾਈ ਹੋਵੇ ।**

ਸਮੇਂ ਦੀ ਚਾਲ ਬੜੀ ਤੇਜ ਹੈ । ਮਨੁੱਖ ਨੂੰ ਪਤਾ ਹੀ ਨਹੀਂ ਲਗਦਾ ਕਦੋਂ ਸਮਾਂ ਲੰਘ ਜਾਂਦਾਂ ਹੈ । ਕੁਝ ਮਨੁਖ ਇਸ ਸਮੇਂ ਦੀ ਯੋਗ ਵਰਤੋ ਕਰ ਪ੍ਰਭੂ ਪ੍ਰਮਾਤਮਾ ਦੀ ਸਿਫਤ ਸਲਾਹ ਵਿੱਚ ਲਗ ਕੇ ਸਫਲ ਕਰ ਲੈਂਦੇ ਹਨ ਜਦੋਂ ਕਿ ਕੁਝ ਮਨੁੱਖ ਇਸ ਨੂੰ ਕੇਵਲ ਤੇ ਕੇਵਲ ਮਾਇਆ ਦੇ ਧੰਧਿਆਂ ਵਿਚ ਫਸ ਕੇ ਵਿਅਰਥ ਗਵਾ ਦਿੰਦੇ ਹਨ । ਗੁਰਬਾਣੀ ਦਾ ਫੁਰਮਾਨ ਹੈ ।

**ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ ।**

ਮੱਨੁਖ ਦਾ ਸੁਭਾਉ ਹੈ ਕਿ ਉਹ ਹਰ ਨਵੀਂ ਚੀਜ਼ ਲਈ ਉਤਸੁਕ ਰਹਿੰਦਾ ਹੈ ਅਤੇ ਪੁਰਾਣੀਆ ਚੀਜ਼ਾ ਨੂੰ ਨਿਕਾਰਦਾ ਜਾਂਦਾ ਹੈ । ਇਹ ਬਿਰਤੀ ਉਦੋਂ ਬੜੀ ਉਜਾਗਰ ਹੋਈ ਦਿਸਦੀ ਹੈ ਜਦੋਂ ਨਵੇ ਸਾਲ ਦੀ ਆਮਦ ਹੁੰਦੀ ਹੈ । ਨਵੇ ਸਾਲ ਦੀ ਅਰੰਭਤਾ ਲਈ ਬੜੀਆਂ ਤਿਆਰੀਆਂ ਕੀਤੀਆਂ ਜਾਂਦੀਆਂ ਹਨ ਅਤੇ ਬੜੀ ਤੀਬਰਤਾ ਨਾਲ ਇੰਤਜ਼ਾਰ ਕੀਤਾ ਜਾਂਦਾ ਹੈ । ਰਾਤ ਦੇ 12.00 ਵਜੇ ਬੜੇ ਢੋਲ ਢਮਾਕੇ ਆਤਸ਼ਬਾਜੀ ਹੱਲਾ ਗੁਲਾ ਅਤੇ ਸ਼ੋਰ ਸ਼ਰਾਬੇ ਨਾਲ ਇਸ ਦਿਨ ਦੀ ਅਰੰਭਤਾ ਹੁੰਦੀ ਹੈ । ਬਹੁਤ ਜਿਆਦਾ ਉਤਸਾਹ ਦੇਖਿਆ ਜਾਂਦਾ ਹੈ ਹਰ ਇਕ ਨੂੰ ਵਧਾਈਆਂ ਦਿੱਤੀਆਂ ਤੇ ਲਈਆਂ ਜਾਂਦੀਆਂ ਹਨ ।

ਇਸ ਸਾਰੀ ਕਿਰਿਆ ਵਿਚ ਮਨੁੱਖ ਪ੍ਰਮਾਤਮਾ ਨੂੰ ਤਾਂ ਭੁੱਲ ਹੀ ਜਾਂਦਾ ਹੈ । ਜਿਸ ਦੇ ਨਿਯਮ ਅਧੀਨ ਇਹ ਸਮਾਂ ਗੁਜਰਦਾ ਹੈ, ਦਿਨ ਤੇ ਪਹਿਰ ਪਹਿਰ ਤੇ ਘੜੀਆਂ ਬੀਤਦੀਆਂ ਹਨ ਦਿਨ ਰਾਤ, ਰੁੱਤਾਂ ਥਿਤਾਂ, ਮਹੀਨੇ ਅਤੇ ਸਾਲ ਬਣਦੇ ਹਨ । ਹਰ ਸਮੇਂ ਦੀ ਛੋਟੀ ਤੋਂ ਛੋਟੀ ਵੰਡ ਵਿਚ ਕੇਵਲ ਤੇ ਕੇਵਲ ਪ੍ਰਮਾਤਮਾ ਆਪ ਹੀ ਵਰਤ ਰਿਹਾ ਹੈ, ਪਰ ਅਸੀ ਇਸ ਸਚਾਈ ਨੂੰ ਅਣਡਿੱਠਾ ਕਰਕੇ ਉਸ ਨੂੰ ਭੁੱਲ ਜਾਂਦੇ ਹਨ । ਗੁਰਬਾਣੀ ਸਾਨੂੰ ਸੇਧ ਬਖਸ਼ਦੀ ਹੈ ਕਿ ਹਰ ਪਲ ਜਦੋਂ ਰੱਬ ਦੀ ਯਾਦ ਆ ਜਾਵੇ ਉਹ ਹੀ ਚੰਗਾ ਅਤੇ ਨਵਾ ਹੈ ਕਿਉਂਕਿ ਮੇਰਾ ਮਾਲਕ ਵਾਹਿਗੁਰੂ ਸਦਾ ਹੀ ਨਵਾ ਹੈ ਬਾਕੀ ਸਭ ਕੁਝ ਤਾਂ ਪੁਰਾਨਾ ਹੋ ਜਾਂਦਾ ਹੈ ।

**ਸਾਹਿਬ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥**

**ਅਤੇ**

**ਸਾ ਵੇਲਾ ਸੋ ਮੂਰਤੁ ਸਾ ਘੜੀ**
**ਸੋ ਮੁਹਤੁ ਸਫਲੁ ਹੈ ਮੇਰੀ ਜਿੰਦੁੜੀਏ**
**ਜਿਤੁ ਹਰਿ ਮੇਰਾ ਚਿਤਿ ਆਵੈ ਰਾਮ ॥ ਬਿਹਾਗੜਾ (ਮਃ ੪)ਅੰਗ ੫੪੦**

ਸਾਨੂੰ ਨਹੀਂ ਭੁਲਣਾ ਚਾਹੀਦਾ ਕਿ ਜੋ ਅੱਜ ਨਵਾ ਹੈ ਉਹ ਕਲ ਪੁਰਾਣਾ ਹੋ ਜਾਵੇਗਾ । ਜਿਸ ਨਵੇ ਸਾਲ ਦਾ ਅਸੀ ਬੜੀ ਖੁਸ਼ੀ ਨਾਲ ਸਵਾਗਤ ਕਰ ਰਹੇ ਹਾਂ ਉਸ ਦਾ ਹਾਲ ਵੀ ਬੀਤੇ ਸਾਲ ਦੀ ਤਰ੍ਹਾਂ ਪੁਰਾਣਾ ਹੋ ਜਾਵੇਗਾ । ਅਸੀ ਕੋਈ ਵੀ ਵਸਤੂ ਖਰੀਦਣੀ ਹੋਵੇ ਤਾਂ ਅਸੀ ਸਾਲ ਦੇ ਆਖਰੀ ਮਹੀਨੇ ਵਿੱਚ ਖਰੀਦਣ ਤੋਂ ਸੰਕੋਚ ਕਰਦੇ ਹਾਂ ਕਿ ਇਸ ਦਾ ਮਾਡਲ ਅਗਲੇ ਸਾਲ ਪੁਰਾਣਾ ਹੋ ਜਾਵੇਗਾ । ਨਵੇ ਮਾਡਲ ਦੀ ਖਰੀਦਾਗੇ । ਸਾਡੀ ਸੋਚ ਨਵੇ ਦੀ ਇੰਤਜ਼ਾਰ ਵਿੱਚ ਪਿਛਲੇ ਸਾਲ ਨੂੰ ਨਿਕਾਰ ਦਿੰਦੀ ਹੈ । **ਬਸ ਇਕੋਂ** ਚੀਜ ਹੀ ਨਵੀ ਹੈ ਤੇ ਉਹ ਹੈ ਪ੍ਰਭੂ ਪ੍ਰਮਾਤਮਾ ਉਸਨੂ ਸਦਾ ਯਾਦ ਕਰੀਏ । ਫਿਰ ਸਾਡਾ ਹਰ ਪਲ ਖੁਸ਼ੀਆਂ ਭਰਿਆ ਹੋਵੇਗਾ ਅਤੇ ਆਤਮਿਕ ਆਨੰਦ ਵਾਲਾ ਹੋਵੇ ।

**ਸਾ ਵੇਲਾ ਪਰਵਾਣੁ ਜਿਤੁ ਸਤਿਗੁਰੁ ਭੇਟਿਆ ॥**
**ਹੋਆ ਸਾਧੂ ਸੰਗੁ ਫਿਰਿ ਦੂਖ ਨ ਤੇਟਿਆ ॥ ਗੂਜਰੀ ਕੀ ਵਾਰ:੨ ਅੰਗ ੫੨੦**

ਵਾਹਿਗੁਰੂ ਕਿਰਪਾ ਕਰੇ ਕਿ ਅਸੀ ਨਵੇ ਸਾਲ ਦੀ ਆਮਦ ਨੂੰ ਗੁਰੂ ਦੀ ਯਾਦ ਨਾਲ ਜੋੜ ਕੇ ਅਪਣਾ ਹਰ ਗੁਜਰਦਾ ਪਲ ਸਫਲ ਕਰ ਸਕੀਏ ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

(ਨਰਿੰਦਰ ਬੀਰ ਸਿੰਘ)

# ਵਾਹ-ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ

**ਧੰਨ-ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 352ਵੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ**

ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਪਰਉਪਕਾਰ, ਉਨਾਂ ਦੀ ਕੁਰਬਾਨੀ ਅਤੇ ਮਨੁਖਤਾ ਨੂੰ ਉਚੇਰੇ ਜੀਵਨ ਜੀਊਣ ਦੀ ਜਾਚ ਸਿਖਾਉਣੀ ਅਤੇ ਸਮਾਜ ਵਿਚ ਊਚ ਨੀਚ, ਵਰਨ ਵੰਢੇ ਭੇਦ ਭਾਵ ਨੂੰ ਮਿਟਾ ਕੇ ਸੂਰਬੀਰ ਬਣਾਉਣਾ, ਨਵੇ ਸਿੱਖ ਸਮਾਜ ਦੀ ਸਿਰਜਨਾ ਇਕ ਨਵੇਕਲਾ ਹੀ ਕਾਰਜ ਹੈ। ਸਾਰੇ ਪਰੀਵਾਰ ਪਿਤਾ ਮਾਤਾ ਪਿਆਰੇ ਸਾਹਿਬਜਾਦਿਆਂ ਦੀ ਸ਼ਹੀਦੀ ਉਪਰੰਤ ਅਕਾਲ ਪੁਰਖ ਦਾ ਸ਼ੁਕਰਾਨਾ ਕਰਨਾ ਇਹ ਉਨਾਂ ਦੇ ਜੀਵਨ ਦੀ ਅਨੋਖੀ ਘਟਨਾ ਹੈ।

ਗੁਰੂ ਗੋਬਿੰਦ ਸਿੱਖ ਜੀ ਦੇ 352 ਸਾਲਾਂ ਪ੍ਰਕਾਸ਼ ਪੁਰਬ ਨੂੰ ਮਨਾਉਦਿਆਂ ਅਸੀ ਉਨਾਂ ਦੇ ਦਸੇ ਰਾਹ ਤੇ ਤੁਰਨ ਦਾ ਪ੍ਰਣ ਕਰੀਏ ਅਤੇ ਖੰਡੇ ਦੀ ਪਾਹੁਲ ਛਕ ਕੇ ਦਸੀ ਰਹਿਤ ਮਰਯਾਦਾ ਦੇ ਧਾਰਨੀ ਬਣ ਕੇ ਅਪਣਾ ਜੀਵਨ ਸਵਾਰੀਏ ਅਤੇ ਗੁਰੂ ਦੀਆਂ ਖੁਸ਼ੀਆਂ ਹਾਸਲ ਕਰੀਏ।

**ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ (ਅੰਕ 488)**

**(i)** ਪੀਵਹੁ ਪਾਹੁਲ ਖੰਡੇ ਧਾਰ, ਹੁਇ ਜਨਮ ਸੁਹੇਲਾ।
ਗੁਰ ਸੰਗਤ ਕੀਨੀ ਖ਼ਾਲਸਾ, ਮਨਮੁਖੀ ਦੁਹੇਲਾ।
ਵਾਹ ਵਾਹ ਗੋਬਿੰਦ ਸਿੰਘ, ਆਪੇ ਗੁਰੁ ਚੇਲਾ(ਭਾਈ ਗੁਰਦਾਸ ਜੀ ਵਾਰ੪੧.੧)

**(ii)** ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ ॥
ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ ॥੨॥
ਬਿਲਾਵਲੁ (ਮਃ ੫) - ਅੰਗ ੮੦੯

**(iii)** ਵਡਭਾਗੀ ਗੁਰੁ ਪਾਇਆ ਮੇਰੀ ਜਿੰਦੁੜੀਏ
ਗੁਰਿ ਪੂਰੈ ਗਤਿ ਮਿਤਿ ਪਾਇਆ ਰਾਮ ॥
ਗੁਰਿ ਅੰਮ੍ਰਿਤੁ ਹਰਿ ਮੁਖਿ ਚੋਇਆ ਮੇਰੀ ਜਿੰਦੁੜੀਏ
ਫਿਰਿ ਮਰਦਾ ਬਹੁੜਿ ਜੀਵਾਇਆ ਰਾਮ ॥ਬਿਹਾਗੜਾ (ਮਃ ੪)ਅੰਗ ੫੩੯

**(iv)** ਗੁਰਸਿਖ ਰਹਿਤ ਸੁਨਹੁ ਹੇ ਮੀਤ ! ਪਰਭਾਤੇ ਉਠ ਕਰ ਹਿਤ ਚਿਤ।
ਵਾਹਿਗੁਰੂ ਗੁਰੁ ਮੰਤ੍ਰ ਸੁ ਜਾਪ, ਕਰ ਇਸਨਾਨ ਪੜ੍ਹੈ ਜਪੁ ਜਾਪੁ।
ਸੰਧਿਆ ਸਮੈਂ ਸੁਨੈ ਰਹਿਰਾਸ, ਕੀਰਤਨ ਕਥਾ ਸੁਨੈ ਹਰਿ ਯਾਮ।
ਇਨ ਮੈਂ ਨੇਮ ਜੁ ਏਕ ਕਰਾਇ, ਸੋ ਸਿੱਖ ਅਮਰਾਪੁਰੀ ਮਹਿ ਜਾਇ।
(ਭਾਈ ਨੰਦ ਲਾਲ)

(ਨਰਿੰਦਰ ਬੀਰ ਸਿੰਘ)
ਜਨਰਲ ਸਕਤ੍ਰ

(ਇੰਦਰਜੀਤ ਸਿੰਘ )
ਮੁੱਖ ਸੇਵਾਦਾਰ

# ਕੀ ਅਸੀ ਗੁਰਪੁਰਬ ਮਨਾਇਆ ?

ਗੁਰਬਾਣੀ ਦਾ ਫੁਰਮਾਨ ਹੈ,

ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥

ਰਾਮਕਲੀ ਕੀ ਵਾਰ:੧ (ਮਃ ੩) - ਅੰਗ ੯੫੧

ਭਾਵ ਕਿ ਨੇਕ ਔਲਾਦ ਅਤੇ ਵਾਰਸ ਆਪਣੇ ਵੱਡੇ ਵਡੇਰਿਆਂ ਦਾ ਗੌਰਵਮਈ ਵਿਰਸਾ , ਉਨ੍ਹਾਂ ਦਾ ਉੱਚ ਜੀਵਨ, ਸਿੱਖਿਆਵਾਂ ਅਤੇ ਸਿਧਾਂਤਾ ਨੂੰ ਖੁਦ ਯਾਦ ਰੱਖਦੇ ਹਨ, ਦੁਹਰਾਉਂਦੇ ਹਨ ਅਤੇ ਆਪਣੇ ਬੱਚਿਆਂ ਨੂੰ ਦੱਸਦੇ ਹਨ। ਆਪਣੇ ਗੌਰਵਮਈ ਵਿਰਸੇ ਅਤੇ ਸਿਧਾਂਤ ਦੀ ਸੰਭਾਲ, ਪ੍ਰਚਾਰ ਅਤੇ ਪ੍ਰਸਾਰ ਲਈ ਭਰਪੂਰ ਯਤਨ ਕਰਦੇ ਹਨ। ਜਿਸਤੇ ਉਹ ਖੁਦ ਰੌਸ਼ਨ ਹੋ ਕਰਕੇ ਸਾਰੀ ਦੁਨੀਆਂ ਨੂੰ ਰੌਸ਼ਨ ਕਰਦੇ ਹਨ।ਇਸ ਮਾਣ ਮੱਤੇ ਇਤਿਹਾਸ ਅਤੇ ਸਿਧਾਂਤ ਨੂੰ ਯਾਦ ਰੱਖਣ ਲਈ, ਦ੍ਰਿੜ ਕਰਨ ਅਤੇ ਕਰਵਾਉਣ ਲਈ ਅਸੀ ਗੁਰ ਪੁਰਬ ਮਨਾਉਂਦੇ ਹਨ। ਹੋਰ ਇਤਿਹਾਸਕ ਦਿਨ ਦਿਹਾੜੇ ਮਨਾਉਂਦੇ ਹਾਂ। ਇਸੇ ਕਰਕੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ

**ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ।**

ਸਿੱਖ ਆਪਣੇ ਮਹਾਨ ਗੁਰੂਆਂ ਦਾ ਆਦਰਸ਼ ਜੀਵਨ, ਸਿਧਾਂਤ ਅਤੇ **ਗਿਆਨ ਤੇ ਮਾਣ ਕਰਦੇ ਹਨ। ਸੱਚ ਮੁੱਚ ਜੋ ਸਿਧਾਂਤ ਅਤੇ ਇਤਿਹਾਸ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਕਾਲ** ਵਿੱਚ ਸਾਨੂੰ ਬਖਸ਼ਿਆ ਉਹ ਬੇ-ਮਿਸਾਲ ਹੈ।ਗੁਰ ਇਤਿਹਾਸ ਤੋਂ ਇਲਾਵਾ ਸਾਡੇ ਪਾਸ ਮਹਾਨ ਗੁਰਸਿਖਾਂ ਦਾ ਜੀਵਨ ਅਤੇ ਘਾਲਣਾ ਵੀ ਸੁਨਹਿਰੀ ਅੱਖਰਾਂ ਵਿਚ ਦਰਜ ਹੈ। ਜੋ ਗਿਆਨ ਸਿਧਾਂਤ ਅਤੇ ਜੀਵਨ ਜੁਗਤਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਰੀ ਮਨੁੱਖਤਾ ਨੂੰ ਮਿਲਦਾ ਹੈ ਉਹ ਹੋਰ ਕਿਧਰੇ ਵੀ ਨਹੀਂ ਮਿਲਦਾ।ਇਹ ਸਿੱਖ ਕੌਮ ਲਈ ਖਾਸ ਕਰਕੇ ਅਤੇ ਮਨੁੱਖਤਾ ਲਈ ਆਮ ਕਰਕੇ ਵੱਡੇ ਮਾਣ ਵਾਲੀ ਗੱਲ ਹੈ

ਗੁਰਪੁਰਬ ਅਤੇ ਹੋਰ ਦਿਹਾੜੇ ਮਨਾਉਣੇ ਮੁਬਾਰਕ ਹਨ। ਵੱਡੇ-ਵੱਡੇ ਸਮਾਗਮ ਲੱਖਾਂ ਰੁਪੈ ਦਾ ਖਰਚ ਅਤੇ ਮਿਹਨਤ ਵੀ ਮੁਬਾਰਕ ਹੈ। ਵੱਡੇ ਪੱਧਰ ਤੇ ਕੀਤੇ ਜਾਂਦੇ ਪ੍ਰਬੰਧ ਮੁਬਾਰਕ। ਪਰ ਕੁਝ ਸਵਾਲ ਮਨ ਨੂੰ ਟੁੰਬਦੇ ਹਨ। ਜਵਾਬ ਮੰਗਦੇ ਹਨ।ਆਉ ਸਵੈ ਪੜਚੋਲ ਕਰੀਏ ਕਿ ਕੀ ਅਸੀਂ ਸੱਚ ਮੁੱਚ ਇਹ ਪੁਰਬ ਮਨਾਉਦੇ ਹਾਂ ?

ਇੰਨੇ ਵੱਡੇ ਕਾਰਜ ਕਰਨ ਉਪਰੰਤ ਸਿੱਖਾਂ ਨੇ ਕੀ ਹਾਸਲ ਕੀਤਾ। ਪ੍ਰਬੰਧਕਾਂ ਦੀ ਕੀ ਪ੍ਰਾਪਤੀ ਹੋਈ, ਸੰਗਤ ਲਈ ਕੀ ਪ੍ਰਾਪਤੀ ਹੋਈ ? ਕੌਮ ਨੂੰ ਕੀ ਮਿਲਿਆ ? ਕੀ ਸਿੱਖੀ ਦਾ ਪ੍ਰਚਾਰ ਹੋਇਆ ? ਕੀ ਸਿਖੀ ਦਾ ਪ੍ਰਸਾਰ ਹੋਇਆ ? ਕੀ ਸਾਡਾ ਗੌਰਵਮਈ ਇਤਿਹਾਸ ਲੋਕਾਂ ਤੱਕ ਪੁੱਜਿਆ ? ਲੋਕਾਂ ਤੱਕ ਤਾਂ ਕੀ, ਕੀ ਸਾਰੇ ਸਿੱਖ ਜਗਤ ਨੂੰ ਸਾਡਾ ਇਤਿਹਾਸ ਅਤੇ ਸਿਧਾਂਤ ਪੁੱਜ ਚੁਕਾ ਹੈ? ਕੀ ਅਸੀ ਆਪਣੇ ਬੱਚਿਆਂ ਅਤੇ ਆਮ ਸੰਗਤ ਤੱਕ ਸਿੱਖ

ਇਤਿਹਾਸ ਅਤੇ ਸਿਧਾਂਤ ਪਹੁੰਚਾਇਆ ਹੈ ? ਜੇ ਹਾਂ , ਤਾਂ ਸਿੱਖਾਂ ਪੰਥ ਦੀ ਢਹਿੰਦੀ ਕਲਾ ਦਾ ਕੀ ਕਾਰਨ ਹੈ ? ਪੰਜਾਬ ਦੇ ਪਿੰਡਾ ਸ਼ਹਿਰਾਂ ਵਿੱਚ ਪਤਿਤਪੁਣਾ ਕਿਉਂ ਹੈ ? ਸਿੱਖ ਨੌਜਵਾਨ ਨਸ਼ਿਆਂ ਵਿੱਚ ਕਿਉਂ ਫਸ ਗਏ ਹਨ ? ਸਿੱਖ ਨੌਜਵਾਨ ਫੈਸ਼ਨ ਪ੍ਰਸਤ ਕਿਵੇਂ ਅਤੇ ਕਿਉਂ ਹੋ ਗਏ ਹਨ ? ਸਿੱਖਾਂ ਵਿੱਚ ਆਪਸੀ ਵਿਰੋਧ ਅਤੇ ਝਗੜੇ ਕਿਉਂ ਹਨ ? ਜੇ ਗੁਰੂ ਇੱਕ ਹੈ, ਉਪਦੇਸ਼ ਇਕ ਹੈ ਤਾਂ ਪ੍ਰਬੰਧਕ ਆਪਸੀ ਝਗੜਿਆਂ ਵਿੱਚ ਕਿਉਂ ਲਿਪਤ ਹਨ ? ਪ੍ਰਚਾਰਕ ਕਿਉਂ ਇੱਕ ਦੂਜੇ ਨਾਲ ਸਹਿਮਤ ਨਹੀਂ ਹੋ ਰਹੇ?ਪ੍ਰਚਾਰ ਵਿੱਚ ਇੱਕ ਸੁਰਤਾ ਕਿਉਂ ਨਹੀਂ ? ਇਹ ਸਾਰੇ ਸਵਾਲ ਦਾਸ ਦੇ ਨਹੀਂ ਬਹੁਤਾਤ ਪੰਥ ਦਰਦੀ ਸਿੱਖਾਂ ਦੇ ਹਨ । ਜਵਾਬ ਲੋੜੀਂਦੇ ਹਨ ।

ਅਜਿਹੇ ਹਾਲਾਤਾਂ ਵਿੱਚ ਨਿਰਸੰਦੇਹ ਕਹਿ ਸਕਦੇ ਹਾਂ ਕਿ ਗੁਰਮਤਿ ਸਮਾਗਮਾਂ ਰਾਹੀ ਹੋ ਰਿਹਾ ਪ੍ਰਚਾਰ ਅਸਰਦਾਇਕ ਨਹੀਂ ਹੈ । ਗੁਰਪੁਰਬ ਮਨਾਏ ਸਫਲ ਨਹੀਂ ਹੋ ਰਹੇ । ਗੁਰਪੁਰਬ ਮਨਾਏ ਆਪਣਾ ਮਨੋਰਥ ਪੂਰਾ ਨਹੀਂ ਕਰ ਰਹੇ । ਗੁਰੂ ਦੀ ਗੋਲਕ ਦਾ ਲੱਖਾਂ ਰੁਪਿਆ ਵਿਅਰਥ ਖਰਚ ਹੋ ਰਿਹਾ ਹੈ । ਕੌਮ ਦਾ ਭਵਿਖ ਧੁੰਧਲਾ ਲਗ ਰਿਹਾ ਹੈ । ਇਸ ਵਿਸ਼ੇ ਨੂੰ ਫੌਰੀ ਤਵੱਜੋ ਦੇਣ ਦੀ ਲੋੜ ਹੈ । ਇਸ ਤੇ ਗੰਭੀਰ ਚਿੰਤਨ ਕਰਕੇ ਇਸ ਨੂੰ ਸੋਧਿਤ ਅਤੇ ਕੇਂਦਰਿਤ ਕਰਨ ਦੀ ਸਖਤ ਲੋੜ ਹੈ । ਤਾਂ ਕਿ ਇਹ ਸਮਾਗਮ ਆਪਣਾ ਮੰਤਵ ਅਤੇ ਮਨੋਰਥ ਸਹੀ ਅਰਥਾਂ ਵਿਚ ਪੂਰਾ ਕਰ ਸਕਣ

ਗੁਰਮਤਿ ਸਮਾਗਮ ਹੋਣੇ ਚਾਹੀਦੇ । ਪਰ ਇਨ੍ਹਾਂ ਸਮਾਗਮਾਂ ਨੂੰ ਸਹੀ ਦਿਸ਼ਾ ਅਤੇ ਸਾਰਥਕ ਕਰਨ ਦੀ ਲੋੜ ਹੈ । ਆਓ ਕੁਝ ਵਿਚਾਰ ਇਸਤੇ ਸਾਂਝੇ ਕਰੀਏ ।

***************************

ਕੀ ਕੀਤਾ ਜਾਵੇ

ਲੋੜ ਹੈ ਅੱਜ ਦੇ ਗੁਰਮਤਿ ਸਮਾਗਮਾਂ ਨੂੰ ਮੌਜੂਦਾ ਸਰੂਪ ਨੂੰ ਹੋਰ ਸਾਰਥਕ ਕੀਤਾ ਜਾਵੇ।

ਹਰ ਗੁਰਮਤਿ ਸਮਾਗਮ ਵਿੱਚ ਸਬੰਧਿਤ ਦਿਹਾੜੇ ਨਾਲ ਸਬੰਧਿਤ ਹੀ ਕੀਰਤਨ ਹੋਵੇ । ਯਕੀਨੀ ਜੋ ਉਸ ਦਿਵਸ ਸਬੰਧੀ ਗੁਰੂ ਦਾ ਸੰਦੇਸ਼ ਅਤੇ ਸਿਧਾਂਤ ਹੈ ਉਸੇ ਪਰਥਾਇ ਕੀਰਤਨ ਹੋਵੇ ।

ਉਪਰੰਤ ਉਸੇ ਵਿਸ਼ੇ ਤੇ ਕੀਰਤਨ/ਲੈਕਚਰ, ਗੋਸ਼ਟੀ, ਸਵਾਲ ਜਵਾਬ ਹੋਵੇ । ਸਵਾਲ ਜਵਾਬ-ਸੈਮੀਨਾਰ ਵੱਖਰੇ ਤੌਰ ਤੇ ਵੀ ਹੋ ਸਕਦੇ ਹਨ । ਕਥਾ ਵਿਚਾਰਾਂ ਕੇਵਲ ਗੁਰਮਤਿ ਸਿਧਾਂਤ ਅਤੇ ਗੁਰ ਇਤਿਹਾਸ ਤੇ ਹੀ ਆਧਾਰਿਤ ਹੋਣ । ਨਾ ਕਿ ਮਿਥਿਹਾਸ ਤੇ ।

ਹਰ ਦਿਵਸ ਤੇ ਕਰਮ ਕਾਂਡ, ਬਿਪ੍ਰਨ ਕੀ ਰੀਤ ਦੇ ਪ੍ਰਤੀ ਸੰਗਤ ਨੂੰ ਸੁਚੇਤ ਕੀਤਾ ਜਾਵੇ । ਹਰ ਪੁਰਬ ਤੇ ਕੋਈ ਇੱਕ ਕਰਮ ਕਾਂਡ ਜਾਂ ਮਨਮੱਤ ਜੋ ਗੁਰੂ ਘਰ ਵਿੱਚ ਹੋ ਰਹੀ ਹੈ ਉਸ ਨੂੰ ਸੰਗਤ ਵਿੱਚ ਪ੍ਰਚਾਰ ਰਾਹੀ ਸਹਿਮਤੀ ਬਣਾ ਕੇ ਬੰਦ ਕੀਤੀ ਜਾਵੇ । ਸੰਗਤ ਨੂੰ ਘਰਾਂ ਵਿੱਚ ਵੀ ਅਜਿਹੀ ਮਨਮਤਿ ਤੋਂ ਰੋਕਿਆ ਜਾਵੇ । ਤਾਂ ਕਿ ਕਰਮ ਕਾਂਡ ਅਤੇ ਮਨਮਤਿ ਨੂੰ ਖਤਮ ਕੀਤਾ ਜਾ ਸਕੇ ।

ਸਮਾਗਮਾਂ ਵਿੱਚ ਕਥਾ-ਵਾਚਕ, ਇਤਿਹਾਸਕਾਰ, ਖੋਜੀ ਅਤੇ ਕੀਰਤਨੀਏ ਬਰਾਬਰ ਗਿਣਤੀ ਵਿੱਚ ਬੁਲਾਏ ਜਾਣ । ਤਾਂ ਜੋ ਇਤਿਹਾਸ ਅਤੇ ਸਿਧਾਂਤ ਸੰਗਤ ਤੱਕ ਪੁੱਜਦਾ ਹੋਵੇ । ਸਟੇਜ ਅਤੇ ਪ੍ਰਬੰਧਕਾਂ ਵਲੋਂ ਸੰਗਤ ਨੂੰ ਵਾਰ-ਵਾਰ ਸੁਚੇਤ ਕਰਕੇ ਸਿਧਾਂਤ ਅਤੇ ਸੰਦੇਸ਼ ਨੂੰ ਅਪਨਾਉਣ ਦੀ ਲਹਿਰ ਨੂੰ ਸਾਦਾ ਬਣਾਇਆ ਜਾਵੇ । ਕੇਵਲ ਦਾਲ ਫੁਲਕਾ ਚੰਗਾ ਹੋਵੇ ਜੇ ਇਨ੍ਹਾਂ ਦਿਹਾੜਿਆਂ ਤੇ ਗਰੀਬ ਬਸਤੀਆਂ ਵਿੱਚ ਜਾ ਕੇ ਲੰਗਰ ਲਗਾਏ ਜਾਣ ਅਤੇ ਗੁਰਮਤਿ ਦਾ ਸੰਦੇਸ਼ ਉਨ੍ਹਾਂ ਲੋਕਾਂ ਤੱਕ ਪੁਜਾ ਕੇ ਸਿੱਖੀ ਦਾ ਪ੍ਰਚਾਰ ਪ੍ਰਸਾਰ ਕੀਤਾ ਜਾਵੇ । ਉਨ੍ਹਾਂ ਲੋਕਾਂ ਦੀ ਭਾਸ਼ਾ ਵਿੱਚ ਵੱਧ ਤੋਂ ਵੱਧ ਲਿਟਰੇਚਰ, ਇਸ਼ਤਿਹਾਰ ਅਤੇ ਬੈਨਰ ਲਗਾਏ ਜਾਣ ।

ਸਕੂਲ ਕਾਲਜਾਂ ਵਿੱਚ ਵਿਸ਼ੇਸ਼ ਸੈਮੀਨਾਰ, ਲੈਕਚਰ ਅਤੇ ਕੁਇਜ਼ ਕਰਵਾ ਕੇ ਬੱਚਿਆਂ ਨੂੰ ਢੁਕਵੇਂ ਇਨਾਮ ਦਿੱਤੇ ਜਾਣ । ਸਕੂਲ ਕਾਲਜ ਵਿੱਚ ਸਾਲ ਵਿੱਚ ਦੋ ਵਾਰ ਧਾਰਮਿਕ ਪ੍ਰੀਖਿਆਵਾਂ ਕਰਵਾ ਕੇ ਬੱਚਿਆਂ ਨੂੰ ਉਤਸ਼ਾਹਿਤ ਕੀਤਾ ਜਾਵੇ । ਪ੍ਰੀਖਿਆ ਚ ਸਿਲੇਬਸ ਗੁਰਇਤਿਹਾਸ, ਗੁਰਬਾਣੀ ਅਤੇ ਸਿਧਾਂਤ ਨੂੰ ਉਜਾਗਰ ਕੀਤਾ ਜਾਵੇ । ਕੁਰੀਤੀਆਂ ਅਤੇ ਕਰਮ ਕਾਂਡ ਖਿਲਾਫ ਬੱਚਿਆਂ ਨੂੰ ਜਾਗਰੁਕ ਕੀਤਾ ਜਾਵੇ ।

ਗੁਰੂ ਘਰਾਂ ਵਿੱਚ ਸਮਾਗਮਾਂ ਦੀ ਰੂਪ ਰੇਖਾ ਛੋਟੀ ਪਰ ਇੱਕ ਹਫਤੇ ਲਈ ਕੀਤੀ ਜਾਵੇ । ਬਜਾਇ ੪-੬ ਕੀਰਤਨੀਏ ਅਤੇ ਬੁਲਾਰੇ ਇੱਕ ਦਿਨ ਦਾ 6-8 ਘੰਟੇ ਦਾ ਪ੍ਰੋਗਰਾਮ ਕਰਨ । 2-2 ਘੰਟੇ ਦੇ 5-6 ਪ੍ਰੋਗਰਾਮ ਕੀਤੇ ਜਾਣ । ਹਰ ਸਮਾਗਮ ਵਿੱਚ ਇੱਕ ਖਾਸ ਪਹਿਲਾ ਦਿੱਤੇ ਵਿਸ਼ੇ ਤੇ ਹੀ ਕੀਰਤਨ ਅਤੇ ਕਥਾ।ਵੀਚਾਰ ਬਰਾਬਰ ਸਮੇਂ ਲਈ ਹੋਵੇ ।

ਸਮਾਗਮਾ ਤੇ ਵੱਧ ਤੋਂ ਵੱਧ ਲਿਟਰੇਚਰ ਛਪਵਾ ਕੇ ਸੰਗਤ ਨੂੰ ਦਿੱਤਾ ਜਾਵੇ । ਮਨਮਤ ਦੇ ਖਿਲਾਫ ਵੱਡੇ ਪੱਧਰ ਤੇ ਇਸ਼ਤਿਹਾਰ ਲਗਾਏ ਜਾਣ । ਇਸ ਲਈ Social Media ਦਾ ਸਹਾਰਾ ਲਿਆ ਜਾਵੇ ।

ਬਹੁਤ ਕੁਝ ਹੋ ਸਕਦਾ ਹੈ । ਅੰਤ ਵਿੱਚ ਗੁਰੂ ਕੀ ਗੋਲਕ ਲੋੜਵੰਦ ਸਿੱਖ ਵਿਦਿਆਰਥੀਆਂ ਦੀ ਵਿੱਦਿਆ ਤੇ ਖਰਚੀ ਜਾਵੇ । ਵਿਦਿਆਰਥੀਆਂ ਨੂੰ ਵੱਡੀ ਪੱਧਰ ਤੇ ਆਰਥਿਕ ਮਦਦ ਕੀਤੀ ਜਾਵੇ । ਜਿਸਦਾ ਆਧਾਰ ਸਿਰਫ ਮੈਰਿਟ ਅਤੇ ਸਿੱਖੀ ਸਰੂਪ ਲਾਜ਼ਮੀ ਕੀਤਾ ਜਾਵੇ ।

ਆਉ ਰਲ ਕੇ ਯਤਨ ਕਰੀਏ । ਇੱਕ ਇੱਕ ਕਰਕੇ ਆਪਸੀ ਸਹਿਮਤੀ ਬਣਾ ਕੇ ਕੁਰੀਤੀਆਂ ਤੋਂ ਛੁਟਕਾਰਾ ਪਾਇਆ ਜਾਵੇ । ਗੁਰਮਤਿ ਦਾ ਬੋਲਬਾਲਾ ਯਕੀਨੀ ਬਣਾਇਆ ਜਾਵੇ । ਇਸ ਸੰਬੰਧੀ ਪਾਠਕਾਂ ਵੱਲੋਂ ਹੋਰ ਸੁਝਾਵਾਂ ਦੀ ਮੰਗ ਹੈ । ਕਿਰਪਾ ਕਰਕੇ ਸਹਿਯੋਗ ਬਖਸ਼ੋ ਜੀ ।

(ਬਲਵਿੰਦਰ ਸਿੰਘ ਸਾਗਰ)

98143-00667

# ਦਸਤਾਰ (ਪੱਗ)

ਡਾ. ਦਰਸ਼ਨਜੋਤ ਕੌਰ ਐਮ.ਡੀ.
# 1999 ਫੇਜ਼-10 ਮੋਹਾਲੀ। ਮੋਬਾਈਲ : 9815719118

ਦਸਤਾਰ ਸਿਰਫ ਇਕ ਪੁਸ਼ਾਕ ਦਾ ਨਾਮ ਹੀ ਨਹੀਂ ਜੋ ਸਿਰ ਦੇ ਵਾਲਾਂ ਨੂੰ ਢੱਕਣ ਲਈ ਵਰਤੀ ਜਾਂਦੀ ਹੈ,ਸਗੋਂ ਇਹ ਭਾਰਤ ਦੀ ਸਭਿਅਤਾ ਦਾ ਇਕ ਅਟੁੱਟ ਅੰਗ ਹੈ। ਇਸ ਦਾ ਭਾਰਤੀ ਸਭਿਆਚਾਰ ਵਿਚ ਇਕ ਬਹੁਤ ਉਤੱਮ ਅਤੇ ਖਾਸ ਸਥਾਨ ਹੈ।ਦਸਤਾਰ ਪਵਿਤਰਤਾ,ਅਧਿਆਤਮਿਕਤਾ,ਸ਼ਾਨ,ਸਵੈਮਾਨ,ਜ਼ੁਮੇਵਾਰੀ,ਕਦਰਾਂ ਕੀਮਤਾਂ, ਦਲੇਰੀ ਅਤੇ ਦੋਸਤੀ ਦੀ ਪ੍ਰਤੀਕ ਹੈ।ਦਸਤਾਰ ਬੰਨਣ ਦੀ ਪ੍ਰਥਾ ਹਜ਼ਾਰਾਂ ਸਾਲ ਪੁਰਾਨੀ ਹੈ।ਦਸਤਾਰ ਪੰਜਾਬੀ ਸਮਾਜ ਦੀ ਸ਼ਾਨ ਹੈ।ਜਿਨ੍ਹਾਂ ਨੇ ਕੋਈ ਸਮਾਜ ਸੇਵਾ ਦਾ ਕੰਮ ਕੀਤਾ ਹੁੰਦਾ ਹੈ,ਉਨ੍ਹਾਂ ਨੂੰ ਵੀ ਦਸਤਾਰ ਜਾਂ ਸਿਰਪਾਓ ਨਾਲ ਸਨਮਾਨਿਤ ਕੀਤਾ ਜਾਂਦਾ ਹੈ।

ਦਸਤਾਰ ਜ਼ੁਮੇਵਾਰੀ ਦਾ ਬਾਹਰੀ ਪ੍ਰਗਟਾਅ ਹੈ,ਜ਼ੁਮੇਂਵਾਰੀ ਦੀ ਨਿਸ਼ਾਨੀ ਹੈ।ਪਗੜੀ ਦੀ ਰਸਮ ਇਸ ਪੱਖ ਦਾ ਗਵਾਹ ਹੈ।ਪੰਜਾਬ ਦੇ ਸਭਿਆਚਾਰ ਵਿਚ ਜਦੋਂ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦੇ ਵੱਡੇ ਪੁਤਰ ਦੇ ਸਿਰ ਉਤੇ ਪਗੜੀ ਬੰਨੀ ਜਾਂਦੀ ਹੈ।ਇਸ ਦਾ ਮਤਲਬ ਇਹ ਹੁੰਦਾ ਹੈ ਕਿ ਪਰਿਵਾਰ ਦੀ ਜ਼ੁਮੇਵਾਰੀ ਉਸ ਨੇ ਸੰਭਾਲਨੀ ਹੈ।ਇਸ ਨੂੰ ਪਗੜੀ ਦੀ ਰਸਮ ਕਿਹਾ ਜਾਂਦਾ ਹੈ।

ਦਸਤਾਰ ਦੋਸਤੀ ਦੀ ਪੱਕੀ ਨਿਸ਼ਾਨੀ (ਪੱਗ ਵਟਾਣਾ) ਹੈ।ਉਤਰੀ ਭਾਰਤ ਵਿਚ ਰਿਵਾਜ ਹੈ ਕਿ ਜਦੋਂ ਕਿਸੇ ਨਾਲ ਪੱਕੀ ਦੋਸਤੀ ਪਾਣੀ ਹੁੰਦੀ ਹੈ ਤਾਂ ਉਹ ਆਪਸ ਵਿਚ ਪਗਾਂ ਵਟਾਂਦੇ ਹਨ।ਫਿਰ ਉਹ ਦੋਸਤ ਨਾ ਹੋ ਕੇ ਪਗ ਵਟੇ ਭਰਾ ਬਣ ਜਾਂਦੇ ਹਨ।ਆਣ ਵਾਲੀਆਂ ਨਸਲਾਂ ਤਕ ਉਨ੍ਹਾਂ ਦਾ ਭਰਾਵਾਂ ਵਾਲਾ ਇਹ ਰਿਸ਼ਤਾ ਪ੍ਰਵਾਨ ਕੀਤਾ ਜਾਂਦਾ ਹੈ।

ਦਸਤਾਰ ਨੂੰ ਬਹਾਦਰੀ ਅਤੇ ਮਾਨ ਦੀ ਪ੍ਰਤੀਕ ਮੰਨਿਆਂ ਗਿਆ ਹੈ।ਭਾਰਤ ਦੇ ਪੁਰਾਤਨ ਸਭਿਆਚਾਰ ਨੂੰ ਵਿਚਾਰਿਆਂ ਪਤਾ ਲਗਦਾ ਹੈ ਕਿ ਜਦੋਂ ਯੁਧ ਵਿਚ ਗਿਆ ਵਿਅਕਤੀ ਸ਼ਹੀਦ ਹੋ ਜਾਂਦਾ ਸੀ ਤਾਂ ਉਸ ਦੀ ਪੱਗ ਪੂਰੇ ਸਨਮਾਨ ਨਾਲ ਵਾਪਸ ਲਿਆਈ ਜਾਂਦੀ ਸੀ।ਪੱਗ ਦੇਖ ਕੇ ਸਭ ਨੂੰ ਪਤਾ ਲਗ ਜਾਂਦਾ ਸੀ ਕਿ ਉਹ ਵਿਅਕਤੀ ਸ਼ਹੀਦ ਹੋ ਗਿਆ ਹੈ।ਮੁਹਾਵਰੇ ਕਿਸੇ ਵੀ ਸਮਾਜ ਦੀਆਂ ਕਦਰਾਂ ਕੀਮਤਾਂ ਦਾ ਸ਼ੀਸ਼ਾ ਹੋਇਆ ਕਰਦੇ ਹਨ।ਪੱਗ ਦੀ ਮਹਾਨਤਾ ਬਾਰੇ ਵੀ ਸਾਡੇ ਸਮਾਜ ਵਿਚ ਬਹੁਤ ਮੁਹਾਵਰੇ ਬਣੇ ਹੋਏ ਹਨ।ਪਗ ਰੋਲਨ ਨੂੰ ਬੰਦੇ ਦੀ ਇਜ਼ਤ ਰੋਲਣ ਦੇ ਤੁਲ ਸਮਝਿਆ ਜਾਂਦਾ ਹੈ।

ਭਾਰਤ ਦੀ ਸਮੁੱਚੀ ਸਭਿਅਤਾ ਵਿਚ ਪਗ ਇਕ ਬਹੁਤ ਮਹਤਵਪੂਰਨ ਸਥਾਨ ਰੱਖਦੀ ਹੈ।ਪੱਗ ਦੀ ਸਿਰਫ ਸਿੱਖਾਂ ਵਿਚ ਹੀ ਨਹੀਂ ਸਗੋਂ ਪੂਰੇ ਭਾਰਤੀ ਸਮਾਜ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਵੀ ਖਾਸ ਥਾਂ ਰਹੀ ਹੈ।ਇਜ਼ਤਦਾਰ,ਧਾਰਮਿਕ ਲੀਡਰ ਅਤੇ ਉਚੇ ਰੁਤਬੇ ਵਾਲੇ ਵਿਅਕਤੀ ਪੱਗ ਬੰਨਣ ਵਿਚ ਸ਼ਾਨ ਸਮਝਦੇ ਹਨ।ਖਾਸ ਖਾਸ ਮੌਕਿਆਂ ਉਤੇ

ਪੱਗ ਦੀ ਖਾਸ ਮਹਾਨਤਾ ਮੰਨੀ ਗਈ ਹੈ।

ਸ਼ੁਰੂ ਤੋਂ ਹੀ ਭਾਰਤ ਵਿਚ ਪੱਗ ਮਨੁਖ ਦੀ ਅਪਨੀ, ਅਪਨੀ ਬਰਾਦਰੀ ਅਤੇ ਅਪਨੇ ਦੇਸ਼ ਦੀ ਪਹਿਚਾਨ ਰਹੀ ਹੈ।ਪੱਗ ਬੰਨਣ ਦੇ ਤਰੀਕੇ ਤੋਂ ਮਨੁੱਖ ਦੇ ਖੇਤਰ ਅਤੇ ਕੌਮ ਦੀ ਪਹਿਚਾਣ ਹੋ ਜਾਂਦੀ ਹੈ।ਰਾਜਸਥਾਨੀ ਪੱਗ,ਮੈਸੂਰ ਦੀ ਪੱਗ ਅਤੇ ਸਿੱਖਾਂ ਦੀ ਪੱਗ ਖਾਸ ਤੌਰ ਤੇ ਵਰਨਣਯੋਗ ਹਨ।ਸਿਖ ਇਸ ਨੂੰ ਦਸਤਾਰ ਕਹਿੰਦੇ ਹਨ,ਰਾਜਸਥਾਨੀ ਪਗੜੀ ਕਹਿੰਦੇ ਹਨ ਅਤੇ ਮੈਸੂਰ ਦੇ ਲੋਕ ਮੈਸੂਰ ਪੇਟਾ ਕਹਿ ਕੇ ਇਸ ਨੂੰ ਅਪਨੇ ਪਹਿਰਾਵੇ ਦਾ ਖਾਸ ਅੰਗ ਸਮਝਦੇ ਹਨ। ਪੱਗ ਬੰਨਣ ਦੇ ਤਰੀਕੇ ਤੋਂ ਵਿਅਕਤੀ ਦੇ ਵਿਅਕਤੀਤਵ ਦਾ ਵੀ ਅੰਦਾਜ਼ਾ ਲਗਾਇਆ ਜਾਂਦਾ ਰਿਹਾ ਹੈ।ਸਿੱਧੀ ਪਗੜੀ ਨਿਮਰਤਾ ਦੀ ਅਤੇ ਟੇਢੀ ਪਗੜੀ ਹਉਮੈ ਦੀ ਨਿਸ਼ਾਨੀ ਹੈ।

ਪਗੜੀ ਸੁਰੱਖਿਆ ਅਤੇ ਯਕੀਨ ਦਾ ਪ੍ਰਤੀਕ ਹੈ।ਅਜ ਵੀ ਜਦੋਂ ਕੋਈ ਜਗਾ ਕਿਰਾਏ ਉਤੇ ਲਈ ਜਾਂਦੀ ਹੈ ਤਾਂ ਕੁਝ ਰਕਮ ਮਾਲਕ ਨੂੰ ਦਿੱਤੀ ਜਾਂਦੀ ਹੈ,ਜਿਸ ਨੂੰ ਪਗੜੀ ਕਿਹਾ ਜਾਂਦਾ ਹੈ।ਪਗੜੀ ਕਿਰਾਏਦਾਰ ਨੂੰ ਮਾਲਕ ਵਲੋਂ ਸੁਰੱਖਿਆ ਅਤੇ ਯਕੀਨ ਦਾ ਪ੍ਰਤੀਕ ਸਮਝਿਆ ਜਾਂਦਾ ਹੈ।ਇਤਹਾਸ ਗਵਾਹ ਹੈ ਕਿ ਮੁਗਲਾਂ ਦੇ ਰਾਜ ਦੌਰਾਨ ਦਸਤਾਰਧਾਰੀ ਸਿੰਘਾਂ ਨੂੰ ਦੇਖ ਕੇ ਅਬਲਾਵਾਂ ਨੂੰ ਹੌਸਲਾ ਹੋ ਜਾਂਦਾ ਸੀ ਕਿ ਹੁਣ ਉਹ ਸੁਰੱਖਿਅਤ ਹਨ।

ਕਿਹਾ ਜਾਂਦਾ ਹੈ ਕਿ ਦਸਤਾਰ ਨਾਂਹ ਪੱਖੀ ਵਿਚਾਰਾਂ ਤੋਂ ਬਚਾਅ ਕਰਦੀ ਹੈ।ਸਿਰ ਉਤੇ ਦਸਤਾਰ ਬੰਨਣ ਨਾਲ ਸਿਰ ਦੀਆਂ ਪੁੜਪੁੜੀਆਂ ਦੀਆਂ ਹੱਡੀਆਂ ਉਤੇ ਦਬਾਅ ਪੈਣ ਨਾਲ ਖੂਨ ਦਾ ਸੰਚਾਰ ਨਿਯਮਿਤ ਹੁੰਦਾ ਹੈ ਅਤੇ ਦਿਮਾਗ ਉਤੇ ਸੁਖਾਵਾਂ ਅਸਰ ਹੁੰਦਾ ਹੈ ਅਤੇ ਨਾਂਹ ਪੱਖੀ ਵਿਚਾਰਾਂ ਤੋਂ ਬਚਾਅ ਰਹਿੰਦਾ ਹੈ।

ਦਸਤਾਰ ਪਵਿਤਰਤਾ ਦੀ ਪ੍ਰਤੀਕ ਹੈ।ਦਸਤਾਰ ਵਾਲਾ ਵਿਅਕਤੀ ਸਮਾਜ ਵਿਚ ਇਕ ਪਵਿਤਰ ਅਤੇ ਧਾਰਮਿਕ ਵਿਅਕਤੀ ਸਮਝਿਆ ਜਾਂਦਾ ਹੈ।ਗੁਰੁ ਸਾਹਿਬ ਨੇ ਜਿਥੇ ਕੇਸ ਕਤਲ ਕਰਨ ਦੀ ਮਨਾਹੀ ਕੀਤੀ ਉਥੇ ਸਿਰ ਉਤੇ ਦਸਤਾਰ ਸਜਾਣ ਦਾ ਵੀ ਹੁਕਮ ਦਿੱਤਾ।ਸਾਨੂੰ ਪਤਾ ਹੀ ਹੈ ਕਿ ਗੁਰੂ ਸਾਹਿਬ ਨੇ ਅਪਨੇ ਹਥੀਂ ਅਪਨੇ ਦੋਵੇਂ ਵੱਡੇ ਸਾਹਿਬਜ਼ਾਦਿਆ ਦੇ ਸਿਰਾਂ ਉਤੇ ਸੁਹਣੀਆਂ ਦਸਤਾਰਾਂ ਸਜਾ ਕੇ ਚਮਕੌਰ ਵਿਚ ਯੁਧ ਵਾਸਤੇ ਭੇਜਿਆ ਸੀ। ਦਾਦੀ ਗੁਜਰ ਕੌਰ ਜੀ ਸ਼ਹੀਦੀ ਤੋਂ ਪਹਿਲਾਂ ਤਿੰਨ ਦਿਨ ਲਗਾਤਾਰ ਛੋਟੇ ਸਾਹਿਬਜ਼ਾਦਿਆਂ ਦੇ ਸਿਰਾਂ ਉਤੇ ਆਪ ਅਪਣੇ ਹਥੀਂ ਸੁਹਣੀਆਂ ਦਸਤਾਰਾਂ ਸਜਾ ਕੇ ਸਰਹੰਦ ਦੇ ਨਵਾਬ ਦੀ ਕਚਹਿਰੀ ਵਿਚ ਭੇਜਦੇ ਰਹੇ।ਪੋਤੇ ਕੁਰਬਾਨ ਕਰਵਾ ਲਏ ਪਰ ਦਸਤਾਰ ਕਾਇਮ ਰੱਖੀ।

ਦਸਤਾਰ ਅਧਿਆਤਮਿਕਤਾ ਦੀ ਪ੍ਰਤੀਕ ਹੈ।ਦਸਤਾਰ ਦੀ ਖਾਸ

ਅਧਿਆਤਮਿਕ ਮਹੱਤਤਾ ਤੋਂ ਤਾਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ।ਸਿੱਖਾਂ ਵਿਚ ਦਸਤਾਰ ਦੀ ਖਾਸ ਧਾਰਮਿਕ ਮਹੱਤਤਾ ਹੈ।ਸਿੱਖਾਂ ਲਈ ਕੇਸਾਂ ਦੀ ਸੰਭਾਲ ਲਈ ਦਸਤਾਰ ਜ਼ਰੂਰੀ ਕਰਾਰ ਕੀਤੀ ਗਈ ਹੈ।ਦਸਤਾਰ ਸਿੱਖ ਦੀ ਸ਼ਾਨ ਤੇ ਪਹਿਚਾਨ  ਹੈ।ਅਸੀਂ ਜਾਣਦੇ ਹਾਂ ਕਿ ਜ਼ਿੰਦਗੀ ਜੀਣ ਦੇ ਦੋ ਢੰਗ ਹਨ।ਇਕ ਹੈ ਕੁਦਰਤ ਦੇ ਅਸੂਲਾਂ ਮੁਤਾਬਕ ਚਲਣਾ ਅਤੇ ਦੂਜਾ ਹੈ ਮਨਮਰਜ਼ੀ ਕਰਨੀ। ਕੁਦਰਤ ਦੇ ਅਸੂਲਾਂ ਮੁਤਾਬਕ ਜ਼ਿੰਦਗੀ ਜੀਣ ਨਾਲ ਹੀ ਜਿੰਦਗੀ ਵਿਚ ਸੰਤੁਲਨ ਕਾਇਮ ਰਹਿ ਸਕਦਾ ਹੈ। ਸਿੱਖ ਧਰਮ ਨੇ ਇਹ  ਤਰੀਕਾ ਹੀ ਪ੍ਰਵਾਨ ਕੀਤਾ ਹੈ।ਇਸੇ ਨੂੰ ਹੁਕਮ ਵਿਚ ਰਹਿਣਾ ਕਹਿੰਦੇ ਹਨ।ਕੁਦਰਤ ਦੀ ਮਰਜ਼ੀ ਮੁਤਾਬਕ ਜਿੰਦਗੀ ਬਤੀਤ ਕਰਨ ਲਈ ਸਰੀਰ ਨੂੰ ਸਾਬਤ ਸੂਰਤ ਰੱਖਣਾ ਪਹਿਲੀ ਅਧਿਆਤਮਿਕ ਅਵਸਥਾ ਹੈ।ਕੇਸ ਸਰੀਰ ਦਾ ਮਹੱਤਵਪੂਰਨ ਅੰਗ ਹਨ।ਇਹ ਸਰੀਰ ਦਾ ਹਿੱਸਾ ਹਨ।ਇਸ ਲਈ ਕੇਸਾਂ ਦੀ ਸੰਭਾਲ ਜ਼ਰੂਰੀ ਹੈ।**ਸਰੀਰ ਦਾ ਕੋਈ ਵੀ ਅੰਗ ਬੇਲੋੜਾ ਨਹੀਂ ਹੈ।ਸਰੀਰ ਦੇ ਹਰ ਅੰਗ ਦਾ ਕੁਦਰਤ ਵਲੋਂ ਕੋਈ ਨਾ ਕੋਈ ਮਨੋਰਥ ਨਿਰਧਾਰਤ ਕੀਤਾ ਗਿਆ ਹੈ।ਕੁਦਰਤ ਦੀ ਬਣਾਈ ਸੂਰਤ ਨੂੰ ਵਿਗਾੜਨਾ ਕੁਦਰਤ ਦੇ ਕੰਮਾਂ ਵਿਚ ਦਖਲ ਦੇਣਾ ਹੈ।ਅਜਿਹਾ ਕਰਕੇ ਅਸੀਂ ਮਾਨੋ ਇਹ ਪ੍ਰਗਟ ਕਰਣ ਦੀ ਕੋਸ਼ਿਸ਼ ਕਰਦੇ ਹਾਂ ਕਿ ਅਸੀਂ ਕੁਦਰਤ ਨਾਲੋਂ ਵਧੇਰੇ ਸਿਆਣੇ ਹਾਂ।ਇਸ ਮਨੋਬਿਰਤੀ ਦਾ ਨਾਂ ਹੀ ਹਉਮੈ ਹੈ।ਅਜਿਹਾ ਕਰਕੇ ਅਸੀਂ ਕੁਦਰਤ ਦੇ ਕੀਤੇ ਕੰਮਾਂ ਵਿਚ ਦਖਲ ਦੇ ਰਹੇ ਹਾਂ।ਅਸੀਂ ਇਹ ਜਾਣਦੇ ਹਾਂ ਕਿ ਜੇ ਧਰਤੀ ਕੁਦਰਤ ਦੇ ਬਣਾਏ ਵਿਧਾਨ ਤੋਂ ਜ਼ਰਾ ਵੀ ਕੁਰਾਹੇ ਹੋ ਜਾਵੇ ਤਾਂ ਭੁਚਾਲ ਅਤੇ ਵਿਨਾਸ਼ ਹੀ ਹੋ ਜਾਂਦਾ ਹੈ।ਇਹ ਨਿਯਮ ਹਰ ਥਾਂ ਉਤੇ ਲਾਗੂ ਹੁੰਦਾ ਹੈ।ਅਸਲ** ਰਾਹ ਤਾਂ ਇਹ ਹੈ ਕਿ ਸਾਨੂੰ ਉਹ ਕੁਝ ਕਰਨਾ ਚਾਹੀਦਾ ਹੈ ਜਿਸ ਵਿਚ ਪਰਮਾਤਮਾ ਦੀ ਮਰਜ਼ੀ ਹੋਵੇ।ਜਿਸ ਨੂੰ ਉਸ ਦੇ ਹੁਕਮ ਦੀ ਸੋਝੀ ਹੋ ਜਾਂਦੀ ਹੈ,ਉਹ ਅਪਨੀ ਮਰਜ਼ੀ ਨਹੀਂ ਕਰਦਾ।"ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥" ਗੁਰਬਾਣੀ ਵਿਚ  ਪ੍ਰਮਾਤਮਾ ਦਾ ਸਰਗੁਣ ਸਰੂਪ ਲੰਬੜੇ ਵਾਲਾਂ ਵਾਲਾ ਹੀ ਦਰਸਾਇਆ ਗਿਆ ਹੈ।ਮਨੁੱਖ ਨੂੰ ਪ੍ਰਮਾਤਮਾ ਨੇ ਅਪਨਾ ਸਰੂਪ ਦਿੱਤਾ ਹੈ।ਇਸ ਨੂੰ ਵਿਗਾੜਨ ਵਾਲਾ ਪ੍ਰਮਾਤਮਾ ਦੀ ਮਰਜ਼ੀ ਦੇ ਉਲਟ ਚਲ ਰਿਹਾ ਹੈ।

ਸਾਰੇ ਸਿੱਖ ਗੁਰੂ ਸਾਹਿਬਾਨ ਨੇ ਕੇਸਾਂ ਦੀ ਲੋੜ ਨੂੰ ਮਹਿਸੂਸ ਕੀਤਾ ਅਤੇ ਇਨਸਾਨ ਨੂੰ ਮਾਨਸਿਕ ਤੌਰ ਤੇ ਸਿਖਰ ਉਤੇ ਪਹੁੰਚਾਣ ਲਈ ਕੇਸ ਸੰਭਾਲ ਕੇ ਰੱਖਣ ਦੀਆਂ ਹਦਾਇਤਾਂ ਦਿਤੀਆਂ।ਕੇਸਾਂ ਦੀ ਸੰਭਾਲ ਲਈ ਸਿਰ ਉਤੇ ਦਸਤਾਰ ਸਜਾਣ ਦਾ ਹੁਕਮ ਦਿੱਤਾ।ਟੋਪੀ ਨੂੰ ਤਿਲਾਂਜਲੀ ਦਿੱਤੀ।ਸਰਦਾਰ ਭਾਵ ਮੁਖੀਏ ਦੀ ਪਹਿਚਾਣ ਸਿਰ ਉਤੇ ਕੇਸ ਅਤੇ ਪੱਗ ਹੀ ਹੈ,ਟੋਪੀ ਨਹੀਂ।

ਪੱਗ ਦਾ ਤਿਆਗ ਗੁਲਾਮੀ ਦੀ ਪ੍ਰਵਿਰਤੀ ਦੀ ਨਿਸ਼ਾਨੀ ਹੈ।ਮਨੁਖ ਜਦੋਂ ਅਪਨੇ ਅਸੂਲ ਤਿਆਗ ਕੇ ਦੂਜਿਆਂ ਦੇ ਪ੍ਰਭਾਵ ਨੂੰ ਕਬੂਲਦਾ ਹੈ ਤਾਂ ਇਸ ਤੋਂ ਉਸ ਦੀ ਗੁਲਾਮੀ ਦੀ

ਪ੍ਰਵਿਰਤੀ ਜ਼ਾਹਰ ਹੁੰਦੀ ਹੈ।ਅੰਗਰੇਜ਼ਾਂ ਨੇ ਭਾਰਤ ਉਤੇ ਸਦੀਆਂ ਤਕ ਰਾਜ ਕੀਤਾ ਪਰ ਉਨ੍ਹਾਂ ਨੇ ਭਾਰਤ ਦੇ ਰਸਮਾਂ ਰਿਵਾਜਾਂ ਅਤੇ ਪੁਸ਼ਾਕ ਨੂੰ ਧਾਰਨ ਨਹੀਂ ਕੀਤਾ।ਮੁਗਲਾਂ ਨੇ ਵੀ ਰਾਜ ਕੀਤਾ ਪਰ ਅਪਨੀ ਪੁਸ਼ਾਕ ਕਾਇਮ ਰਖੀ ਕਿਉਂਕਿ ਉਹ ਅਪਨੇ ਆਪ ਨੂੰ ਰਾਜੇ ਮੰਨਦੇ ਸਨ,ਇਸ ਲਈ ਉਨ੍ਹਾਂ ਨੇ ਅਪਨੀ ਪਛਾਣ ਖਤਮ ਨਹੀਂ ਹੋਣ ਦਿੱਤੀ।ਸਦੀਆਂ ਤਕ ਗੁਲਾਮ ਰਹਿਣ ਕਰਕੇ ਭਾਰਤੀਆਂ ਦੀ ਬਿਰਤੀ ਗੁਲਾਮਾਂ ਵਰਗੀ ਹੋ ਗਈ ਸੀ।ਜਦੋਂ ਪਠਾਨਾਂ ਨੇ ਰਾਜ ਕੀਤਾ ਤਾਂ ਭਾਰਤੀਆਂ ਨੇ ਪਠਾਨੀ ਪੁਸ਼ਾਕ ਪਹਿਣ ਲਈ।ਅੰਗਰੇਜ਼ਾਂ ਨੇ ਰਾਜ ਕੀਤਾ ਤਾਂ ਅੰਗਰੇਜ਼ੀ ਪੁਸ਼ਾਕ ਪਹਿਣ ਲਈ।ਇਸ ਨਾਲ ਭਾਰਤੀਆਂ ਵਿਚ ਅਪਨੀਆਂ ਰਵਾਇਤਾਂ ਪ੍ਰਤੀ ਹੀਣ ਭਾਵਨਾ ਪੈਦਾ ਹੋ ਗਈ।ਹੀਣ ਭਾਵਨਾ ਮਨੁਖ ਨੂੰ ਮਾਨਸਿਕ,ਸਰੀਰਕ,ਸਮਾਜਿਕ ਅਤੇ ਆਤਮਕ ਤੌਰ ਤੇ ਕਮਜ਼ੋਰ ਕਰਦੀ ਹੈ। ਗੁਰੂਆਂ ਨੇ ਸਾਡੇ ਮਨ ਅੰਦਰੋਂ ਗੁਲਾਮੀ ਦੀ ਭਾਵਨਾ ਕੱਢਣ ਲਈ ਸਾਨੂੰ ਪਹਿਚਾਣ ਕਾਇਮ ਰੱਖਣ ਦੀ ਹਦਾਇਤ ਦਿੱਤੀ।ਸਿਰ ਉਤੇ ਪੱਗ ਰਾਜਿਆਂ ਮਹਾਰਾਜਿਆਂ ਦੀ ਨਿਸ਼ਾਨੀ ਹੈ।ਪੱਗ ਜ਼ੁਮੇਵਾਰੀ, ਰੋਹਬ ਦਾਬ,ਬਹਾਦਰੀ, ਸੁੰਦਰ ਦਿੱਖ ਅਤੇ ਪ੍ਰੌੜਤਾ ਦਾ ਅਹਿਸਾਸ ਪੈਦਾ ਕਰਦੀ ਹੈ।ਸਿਕਦਾਰ ਦੀ ਦਿੱਖ ਪ੍ਰਦਾਨ ਕਰਦੀ ਹੈ। ਪੰਜਾਬੀ ਦੇ ਮਹਾਨ ਲਿਖਾਰੀ ਅਤੇ ਵਿਦਵਾਨ ਪ੍ਰੋਫੈਸਰ ਸਾਹਿਬ ਸਿੰਘ ਜੀ ਹਾਲੇ ਸਕੂਲ ਵਿਚ ਹੀ ਸਨ ਜਦੋਂ ਉਹ ਸਿਖ ਸਿਪਾਹੀਆਂ ਦੇ ਰੋਹਬ ਦਾਬ ਅਤੇ ਸੁੰਦਰ ਦਿੱਖ ਤੋਂ ਬਹੁਤ ਪ੍ਰਭਾਵਿਤ ਹੋਏ।ਉਹ ਉਸ ਸਮੇਂ ਕੇਸਹੀਣ ਸਨ ਅਤੇ ਹਿੰਦੂ ਪਰਿਵਾਰ ਨਾਲ ਸਬੰਧਤ ਸਨ।ਪ੍ਰਭਾਵਸ਼ਾਲੀ ਦਿਖ ਧਾਰਨ ਕਰਨ ਲਈ ਉਨ੍ਹਾਂ ਨੇ ਕੇਸ ਰਖ ਲਏ।ਬਾਦ ਵਿਚ ਅੰਮ੍ਰਿਤ ਵੀ ਛਕ ਲਿਆ।ਉਨ੍ਹਾਂ ਨੇ ਸਿੱਖ ਸਾਹਿਤ ਵਿਚ ਬਹੁਤ ਕਿਤਾਬਾਂ ਲਿਖੀਆਂ ਹਨ।ਉਹ ਬਹੁਤ ਵੱਡੇ ਫਿਲਾਸਫਰ ਹੋਏ ਹਨ।ਮੁਗਲ ਰਾਜੇ ਅਤੇ ਉਚੀਆਂ ਜਾਤਾਂ ਵਾਲੇ ਰਾਜਪੂਤ ਦਸਤਾਰ ਬੰਨਦੇ ਸਨ।ਰਾਜਪੂਤਾਂ ਦੇ ਨਾਮ ਨਾਲ ਸਿੰਘ ਵੀ ਲਗਾਇਆ ਜਾਂਦਾ ਸੀ ਅਤੇ ਅਜਕਲ ਵੀ ਲਗਾਇਆ ਜਾਂਦਾ ਹੈ।

ਸਿਖ ਧਰਮ ਵਿਚ ਸਭ ਜਾਤਾਂ ਦੇ ਵਿਅਕਤੀ ਸ਼ਾਮਲ ਸਨ।ਨੀਵੀਆਂ ਜਾਤਾਂ ਵਾਲਿਆਂ ਨੂੰ ਦਸਤਾਰ ਬੰਨਣ ਦੀ ਇਜਾਜ਼ਤ ਨਹੀਂ ਸੀ।ਗੁਰੂ ਗੋਬਿੰਦ ਸਿੰਘ ਜੀ ਨੇ ਇਸ ਗਲਤ ਮਾਨਤਾ ਦਾ ਵਿਰੋਧ ਕੀਤਾ।ਉਨ੍ਹਾਂ ਨੇ ਅਪਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਸਭ ਸਿੱਖ ਚਾਹੇ ਉਹ ਕਿਸੇ ਵੀ ਅਖੌਤੀ ਜਾਤ ਦੇ ਹੋਣ,ਕੇਸਾਂ ਉਤੇ ਦਸਤਾਰ ਸਜਾਣਗੇ ਅਤੇ ਅਪਨੇ ਨਾਮ ਨਾਲ ਸਿੰਘ ਅਤੇ ਕੌਰ ਲਗਾਣਗੇ।ਇਤਹਾਸ ਗਵਾਹ ਹੈ ਕਿ ਸਿੰਘ ਬਿਨਾ ਕਿਸੇ ਡਰ ਦੀ ਭਾਵਨਾ ਨਾਲ ਸਿਰ ਉਤੇ ਦਸਤਾਰ ਸਜਾਂਦੇ ਰਹੇ ਹਨ।ਅਜਿਹਾ ਕਰਨ ਨਾਲ ਸਿੱਖਾਂ ਵਿਚ ਮਾਨਸਕ ਹਿੰਮਤ ਆ ਗਈ।ਉਹ ਜ਼ੁਲਮ ਦਾ ਟਾਕਰਾ ਕਰਨ ਦੇ ਸਮਰਥ ਹੋ ਗਏ।ਦੇਸ਼ ਨੂੰ ਆਜ਼ਾਦ ਕਰਵਾਣ ਵਿਚ ਮਹੱਤਵਪੂਰਨ ਹਿੱਸਾ ਪਾਇਆ। ਕੇਸ ਅਤੇ ਦਸਤਾਰ ਸਿੱਖੀ ਦਾ ਇਕ ਬਹੁਤ ਮਹੱਤਵਪੂਰਨ ਅੰਗ ਹਨ।ਭਾਰਤ ਦੇ ਸਭਿਆਚਾਰ ਵਿਚ ਦਸਤਾਰ ਉਚੇ ਰਾਜਸੀ ਰੁਤਬੇ ਦਾ ਪ੍ਰਤੀਕ ਰਹੀ ਹੈ।

ਸਿੱਖ ਧਰਮ ਦਾ ਜਨਮ ਪੰਦਰਵੀਂ ਸਦੀ ਵਿਚ ਭਾਰਤ ਦੇ ਪੰਜਾਬ ਸੂਬੇ ਵਿਚ ਹੋਇਆ।ਮੁਗਲਾਂ ਦਾ ਰਾਜ ਸੰਨ ੧੫੨੬ ਵਿਚ ਆਇਆ।ਸਭ ਤੋਂ ਪਹਿਲਾ ਮੁਗਲ ਬਾਦਸ਼ਾਹ ਬਾਬਰ ਸੀ। ਭਾਰਤੀਆਂ ਵਿਚੋਂ ਰਾਜਸੀ ਇੱਛਾ ਖਤਮ ਕਰਣ ਅਤੇ ਗੁਲਾਮੀ ਪ੍ਰਵਾਨ ਕਰਵਾਣ ਲਈ ਉਸ ਨੇ ਸਭ ਤੋਂ ਪਹਿਲਾ ਹੁਕਮ ਹੀ ਕੇਸਾਂ ਅਤੇ ਦਸਤਾਰ ਤੋਂ ਭਾਰਤ ਵਾਸੀਆਂ ਨੂੰ ਦੂਰ ਕਰਣ ਦਾ ਦਿੱਤਾ।ਅਜਿਹਾ ਉਨ੍ਹਾਂ ਨੂੰ ਮਾਨਸਿਕ ਤੌਰ ਤੇ ਕਮਜ਼ੋਰ ਕਰਨ ਲਈ ਕੀਤਾ ਗਿਆ।ਉਸ ਨੇ ਹੁਕਮ ਕਰ ਦਿੱਤਾ ਕਿ ਭਾਰਤ ਦੀਆਂ ਔਰਤਾਂ ਦੀਆਂ ਗੁੱਤਾਂ ਕੱਟ ਦਿਤੀਆਂ ਜਾਣ ਅਤੇ ਉਨ੍ਹਾਂ ਦੇ ਸਿਰਾਂ ਉਤੇ ਮਹਿੰਦੀ ਦੀ ਥਾਂ ਮਿੱਟੀ ਪਾ ਦਿੱਤੀ ਜਾਵੇ।ਸਿੱਖਾਂ ਨੇ ਈਨ ਮੰਨਣ ਤੋਂ ਇਨਕਾਰ ਕਰ ਦਿੱਤਾ।ਸੰਨ ੧੭੪੫ ਵਿਚ ਮੁਗਲ ਰਾਜ ਵਲੋਂ ਸਿੱਖਾਂ ਉਤੇ ਸਖਤੀ ਕੀਤੀ ਗਈ ਉਨ੍ਹਾਂ ਦੇ ਜ਼ਬਰਦਸਤੀ ਕੇਸ ਕਟਣੇ ਸ਼ੁਰੂ ਕਰ ਦਿੱਤੇ ਗਏ।ਸਿੱਖਾਂ ਨੇ ਈਨ ਨਹੀਂ ਮੰਨੀ।ਮੁਗਲਾਂ ਅੱਗੇ ਸਮਰਪਨ ਕਰਨਾ ਪ੍ਰਵਾਨ ਨਹੀਂ ਕੀਤਾ।ਭਾਈ ਤਾਰੂ ਸਿੰਘ ਜੀ ਨੇ ਅਦੁੱਤੀ ਸ਼ਹੀਦੀ ਪਾਈ।ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੇਸਾਂ ਨੂੰ ਆਪਣੀ ਮੋਹਰ ਕਿਹਾ ਅਤੇ ਹਰ ਸਿੱਖ ਨੂੰ ਕੇਸ ਸੰਭਾਲ ਕੇ ਰੱਖਣ ਦੀ ਤਾਕੀਦ ਕੀਤੀ ਹੈ।ਗੁਰੂ ਸਾਹਿਬ ਨੇ ਸਰਦਾਰੀ ਭਾਵ ਮੁਖੀਏ ਦੀ ਪਹਿਚਾਨ ਸਿਰ ਦੇ ਕੇਸ ਅਤੇ ਕੇਸਾਂ ਉਤੇ ਪੱਗ ਦੇ ਕੇ ਸਾਡੇ ਵਿਚੋਂ ਹੀਨ ਭਾਵਨਾ ਕੱਢੀ।ਪੱਗ ਜਾਂ ਦਸਤਾਰ ਇਕ ਤਾਜ ਹੈ।ਤਾਜ ਸਰਦਾਰ ਭਾਵ ਰਾਜੇ ਜਾਂ ਮੁਖੀ ਦੇ ਸਿਰ ਉਤੇ ਹੀ ਰੱਖਿਆ ਜਾਂਦਾ ਹੈ।ਨਤੀਜੇ ਵਜੋਂ ਖਾਲਸੇ ਨੇ ਬਦੇਸ਼ੀਆਂ ਨਾਲ ਖੂਬ ਟੱਕਰ ਲਈ ਅਤੇ ਅਪਨਾ ਰਾਜ ਕਾਇਮ ਕੀਤਾ।ਦਸਤਾਰਧਾਰੀ ਸਿੰਘਾਂ ਨੇ ਮੈਦਾਨ-ਏ-ਜੰਗ ਵਿਚ ਦੁਸ਼ਮਨਾਂ ਦੇ ਛੱਕੇ ਛੁਡਾਏ।

ਮਿਸਟਰ ਤਿਆਨਥੀ ਅਮਰੀਕਾ ਦੇ ਇਕ ਮਹਾਨ ਵਿਦਵਾਨ ਹੋਏ ਹਨ। ਇੰਨ੍ਹਾਂ ਨੇ ਮਨੁਖਤਾ ਦਾ ਇਤਹਾਸ ੨੦ ਜਿਲਦਾਂ ਵਿਚ ਲਿਖਿਆ ਹੈ।ਉਨ੍ਹਾਂ ਨੇ ਵੱਖ ਵੱਖ ਧਾਰਮਿਕ ਫਲਸਫਿਆਂ ਦੀ ਖੋਜ ਕੀਤੀ ਹੈ।ਉਨ੍ਹਾਂ ਨੂੰ ਇਕ ਅਮਰੀਕਨ ਔਰਤ ਨੇ ਪੁਛਿਆ: ਤੁਸੀਂ ਸਾਰੀ ਮਨੁਖਤਾ ਦਾ ਇਤਹਾਸ ਲਿਖਿਆ ਹੈ,ਸੰਸਾਰ ਦੇ ਲੋਕਾਂ ਬਾਰੇ ਖੋਜ ਕੀਤੀ ਹੈ,ਵੱਖ ਵੱਖ ਫਿਰਕਿਆਂ ਤੇ ਧਰਮਾਂ ਦੇ ਬੰਦਿਆਂ ਨੂੰ ਮਿਲੇ ਹੋ,ਕੀ ਤੁਸੀਂ ਦਸ ਸਕਦੇ ਹੋ ਕਿ ਦੁਨੀਆਂ ਵਿਚ ਸਭ ਤੋਂ ਸੁਹਣਾ ਵਿਅਕਤੀ ਕੌਣ ਹੈ।ਮਿਸਟਰ ਤਿਆਨਥੀ ਨੇ ਇਕਦਮ ਉਤਰ ਦਿੱਤਾ : ਖੁਲ੍ਹੀ ਦਾੜੀ ਵਾਲਾ ਸਾਬਤ ਸੂਰਤ ਗੁਰਸਿਖ।ਕੇਸਾਂ ਵਾਲਾ ਸਰੂਪ ਹੀ ਮਨੁਖ ਦਾ ਪੂਰਨ ਸਰੂਪ ਹੈ।ਕੇਸਾਂ ਅਤੇ ਦਸਤਾਰ ਦਾ ਅਟੁੱਟ ਰਿਸ਼ਤਾ ਹੈ।ਪਰਮਾਤਮਾ ਦੀ ਬਣਾਈ ਸਾਬਤ ਸੂਰਤ ਕਾਇਮ ਹੀ "ਦਸਤਾਰ ਸਿਰਾ"ਨਾਲ ਰਹਿ ਸਕਦੀ ਹੈ।ਕੋਈ ਹੋਰ ਪੁਸ਼ਾਕ,ਪਟਕਾ ਜਾਂ ਕਪੜਾ ਦਸਤਾਰ ਦਾ ਬਦਲ ਨਹੀਂ ਹੋ ਸਕਦੀ।

 ਗਿ: ਸੰਤ ਸਿੰਘ ਮਸਕੀਨ

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਦੇਖੋ

ਕੋਈ ਮੰਗਤਾ ਕਿਤਨਾ ਹੌਲਾ ਤੇ ਕਿਤਨਾ ਵੱਡਾ ਮੰਗਤਾ ਹੈ, ਇਹ ਉਸ ਦੀ ਮੰਗ ਤੋਂ ਹੀ ਪਤਾ ਚਲਦਾ ਹੈ। ਜੇ ਸਿਰਫ਼ ਇੱਕ ਪੈਸਾ ਮੰਗ ਰਿਹਾ ਹੈ ਤਾਂ ਇਹ ਮੰਗਤਾ ਜ਼ਰਾ ਛੋਟੇ ਮੇਲ ਦਾ ਹੈ ਪਰ ਜੋ ਰਾਜ ਪਾਠ, ਮਹਿਲ ਮਾੜ੍ਹੀਆਂ ਮੰਗ ਰਿਹਾ ਹੈ, ਇਹ ਉੱਚੇ ਪੱਧਰ ਦਾ ਮੰਗਤਾ ਹੈ।

ਮਨੁੱਖ ਦੀ ਮੰਗ ਬੜੀ ਪਰੂਖੀ ਹੈ, ਜੋ ਮੰਗਾਂ ਪਹਿਲੇ ਵੱਡੇ ਵੱਡੇਰੇ ਮੰਗ ਚੁਕੇ ਹਨ ਉਹੀ ਮੰਗਦੇ ਜਾ ਰਹੇ ਹਾਂ। ਇਸ ਵਾਸਤੇ ਜੀਵਨ ਵਿੱਚ ਕੋਈ ਨਵੀਨਤਾ ਨਹੀਂ ਹੈ:

**ਜਉ ਮਾਗਹਿ ਤਉ ਮਾਗਹਿ ਬੀਆ ॥ ਜਾ ਤੇ ਕੁਸਲ ਨ ਕਾਹੂ ਥੀਆ ॥**
**– ਗਉੜੀ ਬ.ਅ. (ਮਃ ੫) – ਅੰਗ ੨੫੯**

ਸੂਰਜ ਪਾਸੋਂ ਰੋਸ਼ਨੀ ਨਾ ਵੀ ਮੰਗੀਏ ਤਾਂ ਵੀ ਦੇਂਦਾ ਹੈ, ਪ੍ਰਮਾਤਮਾ ਇਸੇ ਤਰ੍ਹਾਂ ਦਾ ਅਣਮੰਗਿਆ ਦਾਨ ਦੇਣ ਵਾਲਾ ਦਾਤਾ ਹੈ:

**ਅਣਮੰਗਿਆ ਦਾਨੁ ਦੇਵਣਾ ਕਹੁ ਨਾਨਕ ਸਚੁ ਸਮਾਲਿ ਜੀਉ ॥੨੪॥੧॥**
**ਸਿਰੀਰਾਗੁ (ਮਃ ੧) – ਅੰਗ ੭੩**

ਤੇ ਐਸੇ ਦਾਤੇ ਕੋਲੋਂ ਬਾਰ ਬਾਰ ਦਾਤਾਂ ਹੀ ਮੰਗੀ ਜਾਣਾ ਜੋ :

**ਦਾਤ ਕਰੈ ਅਪਨੀ ਬੀਚਾਰੁ ॥**

ਕਿਸੇ ਦੇ ਮੰਗਣ ਨਾਲ ਨਹੀਂ ਬਲਕਿ ਆਪਣੀ ਵਿਚਾਰਧਾਰਾ ਦੇ ਮੁਤਾਬਿਕ ਦੇਂਦਾ ਹੈ। ਇਸ ਵਾਸਤੇ ਮੰਗਣ ਵਾਲਿਆਂ ਨੂੰ ਗੁਰਬਾਣੀ ਨੇ ਸਿਆਣਾ ਨਹੀਂ ਅਖਿਆ :

**ਮਮਾ ਮਾਗਨਹਾਰ ਇਆਨਾ ॥ ਦੇਨਹਾਰ ਦੇ ਰਹਿਓ ਸੁਜਾਨਾ ॥**

ਮਾਂ ਬਾਪ ਦੀ ਮੰਗ ਨਹੀਂ ਕੀਤੀ, ਮਿਲ ਗਏ ਹਨ। ਸਰੀਰ ਦੀ ਤੇ ਸਰੀਰ ਦੇ ਹਰ ਕੀਮਤੀ ਅੰਗ ਦੀ ਅਸੀਂ ਕੋਈ ਮੰਗ ਨਹੀਂ ਕੀਤੀ, ਮਿਲ ਗਏ ਹਨ। ਪਵਨ ਪਾਣੀ, ਸੂਰਜ ਚੰਦ ਸਾਨੂੰ ਮਿਲੇ ਹੋਏ ਹਨ ਤੇ ਇਨ੍ਹਾਂ ਤੋਂ ਸੁਭਾਵਕ ਸਾਨੂੰ ਲਾਭ ਹੋ ਰਿਹਾ ਹੈ। ਜੋ ਮਨੁੱਖ ਆਪਣੇ ਆਪ ਨੂੰ ਪਾਤਰ ਬਨਾਉਣ ਤੇ ਜ਼ੋਰ ਲਾਵੇ ਤਾਂ ਇਸ ਨੂੰ ਹੋਰ ਵੀ ਬਹੁਤ ਕੁਛ ਮਿਲ ਸਕਦਾ ਹੈ।ੳ

ਸਿਆਣੇ ਦਾ ਕਹਿਣਾ ਹੈ ਕਿ ਜੋ ਕੁਛ ਕਿਸੇ ਨੂੰ ਮਿਲਿਆ ਹੈ, ਉਸ ਨੇ ਆਪਣੇ ਆਪ ਨੂੰ ਪਾਤਰ ਬਣਾ ਲਿਆ ਸੀ, ਜੋ ਨਹੀਂ ਮਿਲਿਆ ਉਸ ਦੇ ਅਜੇ ਯੋਗ ਨਹੀਂ ਸੀ।

ਧਨ ਸੰਪਦਾ, ਇਸਤ੍ਰੀ, ਪੁੱਤਰ, ਮਹਿਲ ਮਾੜ੍ਹੀਆਂ ਤਾਂ ਅਕਸਰ ਲੋਕਾਂ ਨੂੰ ਮਿਲ ਜਾਂਦੀਆਂ ਹਨ ਪਰ ਪ੍ਰਮਾਤਮਾ ਦਾ ਨਾਮ ਤੇ ਉਸ ਦਾ ਗਿਆਨ ਨਹੀਂ ਮਿਲਦਾ ਕਿਉਂਕਿ ਇਸ ਯੋਗ ਇਸ ਨੇ ਆਪਣੇ ਆਪ ਨੂੰ ਬਣਾਇਆ ਹੀ ਨਹੀਂ।

ਹਿਮਾਲੀਆ ਪਰਬਤ ਤੇ ਸਿਰਫ਼ ਜਾਣ ਦੀ ਲੋੜ ਹੈ, ਠੰਢ ਆਪਣੇ ਆਪ ਮਿਲੇਗੀ। ਅੱਖਾਂ ਖੋਲ੍ਹ ਲਈਏ ਤਾਂ ਸੂਰਜ ਦਾ ਪ੍ਰਕਾਸ਼ ਆਪ ਹੀ ਮਿਲਣ ਲੱਗ ਪੈਂਦਾ ਹੈ।

ਸਿਰਫ਼ ਆਪਣੇ ਆਪ ਨੂੰ ਪਾਤਰ ਬਣਾਈਏ, ਪਦਾਰਥ ਆਪਣੇ ਆਪ ਮਿਲ ਜਾਣਗੇ।

ਅਸੀਂ ਇੱਕ ਹੋਰ ਵੀ ਭੁੱਲ ਕਰਦੇ ਹਾਂ ਕਿ ਮੰਗਤਿਆਂ ਕੋਲੋਂ ਮੰਗਦੇ ਹਾਂ। ਜੋ ਆਪ ਮੰਗਾਂ ਨਾਲ ਭਰਿਆ ਹੋਇਆ ਹੈ ਉਸ ਕੋਲੋਂ ਮੰਗਦੇ ਹਾਂ ਤੇ ਮੰਗਤਾ ਪਲਟ ਕੇ ਮੰਗਣ ਦੀ ਚਾਹਤ ਤੋਂ ਬਿਨਾਂ ਦੇ ਵੀ ਨਹੀਂ ਸਕਦਾ।

ਸੋ ਮੰਗਣਾ ਵੀ ਉਸ ਕੋਲੋਂ ਚਾਹੀਦਾ ਹੈ ਜੋ ਰੰਚਿਕ-ਮਾਤਰ ਵੀ ਸਾਡੇ ਨਾਲ ਤਮ੍ਹਾਂ ਨਾ ਰੱਖੇ :

**ਵਡਾ ਦਾਤਾ ਤਿਲੁ ਨ ਤਮਾਇ ॥ ਜਪੁ (ਮ: ੧) - ਅੰਗ ੫**

ਐਸੇ ਦਾਤੇ ਨੂੰ ਛੱਡ ਕੇ ਮੰਗਤਿਆਂ ਪਾਸੋਂ ਮੰਗਣ ਵਾਲਿਆਂ ਨੂੰ ਬਾਬੇ ਫਰੀਦ ਨੇ ਫਿਟਕਾਰ ਪਾਈ ਹੈ :

**ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ ॥**
**ਧਿਗੁ ਤਿਨ੍ਹਾ ਦਾ ਜੀਵਿਆ ਜਿਨਾ ਵਿਡਾਣੀ ਆਸ ॥੨੧॥**
**ਸਲੋਕ (ਭ. ਫਰੀਦ) - ਅੰਗ ੧੩੭੯**

ਜੇ ਪੂਰੇ ਦਰਖ਼ਤ ਦੀ ਮੰਗ ਕਰ ਲਈਏ ਤਾਂ ਛਾਂ, ਫੁੱਲ, ਫਲ ਤੇ ਪੱਤੇ ਆਪਣੇ ਆਪ ਹੀ ਮਿਲ ਜਾਂਦੇ ਹਨ।

ਪ੍ਰਭੂ ਦੇ ਨਾਮ ਵਿੱਚ ਹੀ ਸਾਰੇ ਸੁੱਖ ਤੇ ਅਨੰਦ ਹਨ।

ਧੰਨਵਾਦਿ ਸਾਹਿਤ ਵਿਚੋਂ :-ਗੁਰੂ-ਚਿੰਤਨ

# ਗੁਣਾਂ ਦਾ ਗਾਹਕ ਖਾਲਸਾ

ਸਿੰਘ ਸਾਹਿਬ ਗਿ: ਜਸਵੰਤ ਸਿੰਘ ਪ੍ਰਵਾਨਾ

ਯੂਨਾਨ ਦੇ ਪ੍ਰਸਿੱਧ ਫਿਲਾਸਫ਼ਰ ਸੁਕਰਾਤ ਨੇ ਜੋ ਕਿਹਾ ਸੀ ਸੱਚ ਕਿਹਾ ਸੀ । ਪਰ ਜਿਵੇਂ ਉਲੂ ਨੂੰ ਸੂਰਜ ਨਹੀਂ ਚੰਗਾ ਲੱਗਦਾ ਅਤੇ ਮੱਖੀਆਂ ਨੂੰ ਸੁਗੰਧੀ ਨਹੀਂ ਚੰਗੀ ਲੱਗਦੀ, ਚੋਰ ਨੂੰ ਚੰਦ ਨਹੀਂ ਚੰਗਾ ਲੱਗਦਾ, ਇਸੇ ਤਰ੍ਹਾਂ ਮਨ ਦੇ ਮੈਲੇ ਝੂਠੇ ਤੇ ਪਾਪੀ ਬੰਦਿਆਂ ਨੂੰ ਨਾ ਹੀ ਸੱਚ ਚੰਗਾ ਲੱਗਦਾ ਹੈ ਅਤੇ ਨਾ ਹੀ ਸਚਿਆਰ ਚੰਗਾ ਲੱਗਦਾ ਹੈ । ਬਹੁ-ਸੰਮਤੀ ਅਕਸਰ ਝੂਠਿਆਂ ਦੀ ਹੀ ਹੁੰਦੀ ਹੈ । ਉਨ੍ਹਾਂ ਨੇ ਰਲ ਕੇ ਸਮੇਂ ਦੀ ਹਕੂਮਤ ਤੱਕ ਪਹੁੰਚ ਕੀਤੀ ਤੇ ਕਿਹਾ ਕਿ ਸੁਕਰਾਤ ਲੋਕਾਂ ਨੂੰ ਵਿਗਾੜ ਰਿਹਾ ਹੈ । ਜਿੰਨੀ ਛੇਤੀ ਹੋ ਸਕੇ ਇਸ ਨੂੰ ਰੋਕਣਾ ਚਾਹੀਦਾ ਹੈ।

ਸੁਕਰਾਤ ਨੂੰ ਹਾਕਮ ਨੇ ਕਿਹਾ ਕਿ ਤੂੰ ਅੱਗੇ ਤੋਂ ਬੋਲਣਾ ਅਤੇ ਲਿਖਣਾ ਬੰਦ ਕਰ ਦੇ ਅਤੇ ਇਹ ਵੀ ਕਹਿਣਾ ਹੋਵੇਗਾ ਕਿ ਮੈਂ ਜੋ ਪਿੱਛੇ ਲਿਖਿਆ ਤੇ ਬੋਲਿਆ ਹੈ ਉਹ ਗ਼ਲਤ ਸੀ । ਕੋਈ ਵੀ ਉਸ ਲਿਖੇ ਜਾਂ ਬੋਲੇ ਤੇ ਭਰੋਸਾ ਨਾ ਕਰੇ । ਤੈਨੂੰ ਪਿਛਲੀਆਂ ਗ਼ਲਤੀਆਂ ਦੀ ਮੁਆਫ਼ੀ ਮੰਗਣੀ ਪਵੇਗੀ । ਸੁਕਰਾਤ ਨੇ ਕਿਹਾ ਕਿ ਤੁਸੀਂ ਮੇਰੀ ਗੱਲ ਨੂੰ ਗ਼ਲਤ ਸਿੱਧ ਕਰ ਦਿਉ ਮੈਂ ਮੁਆਫ਼ੀ ਮੰਗ ਲਵਾਂਗਾ । ਹਾਕਮ ਨੇ ਕਿਹਾ ਕਿ ਸਿੱਧ ਕਰਨ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ । ਬੱਸ ਤੂੰ ਜੋ ਕਹਿੰਦਾ ਹੈ ਉਹ ਗ਼ਲਤ ਹੈ । ਜੋ ਅਸੀ ਕਹਿੰਦੇ ਹਾਂ ਉਹ ਠੀਕ ਹੈ । ਸੁਕਰਾਤ ਨੇ ਕਿਹਾ ਫਿਰ ਮੈਂ ਮੁਆਫੀ ਨਹੀਂ ਮੰਗਾਂਗਾ । ਜਦੋਂ ਤੱਕ ਮੇਰੀ ਸੁਆਸ ਚੱਲਦੀ ਹੈ ਮੈਂ ਲਿਖਾਂਗਾ ਵੀ ਅਤੇ ਬੋਲਾਂਗਾ ਵੀ ਅਤੇ ਦਿਨ ਰਾਤ ਬੋਲਾਂਗਾ ।

ਹੈਰਾਨੀ ਹੁੰਦੀ ਹੈ ਕਿ ਜਿਸ ਬੰਦੇ ਦੇ ਹੱਥ ਵਿੱਚ ਤਾਕਤ ਆ ਜਾਂਦੀ ਹੈ ਉਹ ਮੂਰਖ ਵੀ ਸਿਆਣਾ ਬਣ ਜਾਂਦਾ ਹੈ ਅਤੇ ਕਮਜ਼ੋਰ ਸਿਆਣੇ ਵੀ ਮੂਰਖ ਸਿੱਧ ਹੋ ਜਾਂਦੇ ਹਨ । ਸਿਆਣਿਆਂ ਦੀ ਗੱਲ ਦਾ ਮੂਰਖਾਂ ਕੋਲ ਜੁਆਬ ਤਾਂ ਕੋਈ ਨਹੀਂ ਹੁੰਦਾ ਪਰ ਉਨ੍ਹਾਂ ਕੋਲ ਤਾਕਤ ਹੁੰਦੀ ਹੈ । ਉਹ ਦਲੀਲ ਦਾ ਜੁਆਬ ਘਸੁੰਨ ਨਾਲ ਦਿੰਦੇ ਹਨ । ਸਿਆਣਿਆਂ ਨੇ ਸੱਚ ਹੀ ਕਿਹਾ ਹੈ ਕਿ ਅਕਲ ਵੱਡੀ ਹੈ ਕਿ ਭੈਂਸ ।

ਮੈਂ ਤਾਂ ਹਯਾਤੀ ਵਿੱਚ ਭੈਂਸ ਨੂੰ ਹੀ ਵੱਡਾ ਵੇਖਿਆ ਹੈ । ਅਕਲ ਵਾਲੇ ਦੇ ਸਿਰ ਵਿੱਚ ਜਦੋਂ ਵੱਡੇ-ਵੱਡੇ ਸਿੰਗਾਂ ਵਾਲੀ ਭੈਂਸ ਆ ਕੇ ਟੱਕਰ ਮਾਰ ਦਿੰਦੀ ਹੈ ਤਾਂ ਸਾਰੀ ਅਕਲ ਜਾਂਦੀ ਰਹਿੰਦੀ ਹੈ । ਬੰਦੇ ਦਾ ਸਿਰ ਹੀ ਨਹੀਂ ਰਹਿ ਜਾਂਦਾ ਅਕਲ ਵਿਚਾਰੀ ਕਿਥੇ ਰਹੇਗੀ । ਬੜੇ-ਬੜੇ ਸਿਆਣੇ ਸਮਝਦਾਰ ਸੱਚੇ ਬੰਦਿਆਂ ਨੂੰ ਮੈਂ ਮੂਰਖਾਂ ਕੋਲੋਂ ਮੁਆਫ਼ੀਆਂ ਮੰਗਦਿਆਂ ਵੇਖਿਆ ਹੈ । ਗੋਡੇ ਟੇਕ ਕੇ ਗਿੜਗਿੜਾਂਦਿਆਂ ਵੇਖਿਆ ਹੈ ।

ਕਾਂਟ ਵਰਗੇ ਫਿਲਾਸਫਰ, ਤੇ ਜਰਮਨੀ ਵਿੱਚ ਪਾਬੰਦੀ ਲੱਗ ਗਈ ਕਿ ਤੂੰ ਅਗੋਂ ਲਿਖਣਾ ਬੰਦ ਕਰ ਦੇ । ਗਲੇਲੀਉ ਵਰਗੇ ਸਿਆਣੇ ਨੂੰ ਮੁਆਫ਼ੀ ਮੰਗਣੀ ਪਈ ਕਿ ਮੈਂ ਕਿਹਾ

ਸੀ ਕਿ ਧਰਤੀ ਗੋਲ ਹੈ ਤੇ ਸੂਰਜ ਦੇ ਦੁਆਲੇ ਘੁੰਮਦੀ ਹੈ । ਨਹੀਂ ਸੂਰਜ ਹੀ ਘੁੰਮਦਾ ਹੈ । ਮੁਆਫ਼ੀ ਮੰਗਣੀ ਪਈ । ਪਰ ਸੁਕਰਾਤ ਖ਼ੁਦਦਾਰ ਸੀ । ਗੁਣ ਗਾਹਕ ਸੀ ਕਦੀ ਸੁਕਰਾਤ ਗ਼ਲਤ ਹੁੰਦਾ ਤਾਂ ਉਸ ਨੇ ਉਸੇ ਵੇਲੇ ਮੁਆਫ਼ੀ ਮੰਗ ਲੈਣੀ ਸੀ । ਉਸ ਨੂੰ ਕਾਂਟ ਜਾਂ ਗਲੇਲੀਉ ਵਾਂਗੂੰ ਜਾਨ ਪਿਆਰੀ ਨਹੀਂ ਸੀ । ਸੱਤ ਪਿਆਰਾ ਸੀ । ਉਸ ਨੇ ਹਾਕਮ ਦੇ ਹੁਕਮ ਨੂੰ ਠੁਕਰਾ ਦਿੱਤਾ । ਹਾਕਮ ਨੇ ਕਿਹਾ ਠੀਕ ਹੈ ਫਿਰ ਅਸੀਂ ਤੈਨੂੰ ਲਿਖਣ ਜਾਂ ਬੋਲਣ ਜੋਗਾ ਛੱਡਦੇ ਹੀ ਨਹੀਂ । ਸੁਕਰਾਤ ਨੂੰ ਮੌਤ ਦੀ ਸਜ਼ਾ ਸੁਣਾਈ ਗਈ ।

ਸੁਕਰਾਤ ਨੂੰ ਜ਼ਹਿਰ ਦਿੱਤਾ ਜਾਣਾ ਸੀ, ਜ਼ਹਿਰ ਪੀਸਣਾ ਸੀ, ਘੋਲਣਾ ਸੀ । ਸੁਕਰਾਤ ਨੂੰ ਪ੍ਰੇਸ਼ਾਨ ਅਤੇ ਬੇਇਜ਼ਤ ਕਰਨ ਵਾਸਤੇ ਇੱਕ ਨਵਾਂ ਮਾਨਸਿਕ ਤਸੀਹਾ ਖੋਜਿਆ ਗਿਆ । ਇੱਕ ਆਰਕੈਸਟਰਾ ਬੁਲਾਇਆ ਗਿਆ । ਸਾਜ਼ ਵੱਜਣੇ ਸ਼ੁਰੂ ਹੋ ਗਏ । ਉਨ੍ਹਾਂ ਬੜੀ ਸੁੰਦਰ ਧੁੰਨ ਵਜਾਈ । ਸੁਕਰਾਤ ਨੇ ਕਮਾਲ ਹੀ ਕਰ ਦਿੱਤੀ । ਉਹ ਉਸਤਾਦ ਸਜਿੰਦੇ ਕੋਲ ਗਿਆ । ਜਾ ਕੇ ਕਹਿਣ ਲੱਗਾ ਉਸਤਾਦ ਅਜੇ ਮੇਰੇ ਮਰਨ ਵਿੱਚ ਕੁਝ ਸਮਾਂ ਹੈ । ਜ਼ਹਿਰ ਤਿਆਰ ਹੋਣ ਵਿੱਚ ਦੇਰੀ ਹੈ, ਤੂੰ ਮੈਨੂੰ ਇੰਨੇ ਚਿਰ ਇਹ ਧੁੰਨ ਸਿਖਾ ਦੇ । ਮੈਂ ਇਹ ਤਰਜ਼ ਸਿੱਖ ਕੇ ਮਰਾਂ । ਮੈਂ ਜ਼ਿੰਦਗੀ ਵਿੱਚ ਜਿੱਥੇ ਵੀ ਕੁਝ ਸਿੱਖਣ ਵਾਸਤੇ ਮਿਲਿਆ ਹੈ, ਮੈਂ ਸਿਖਿਆ ਹੈ । ਫਿਰ ਮੈਂ ਅੱਜ ਆਖ਼ਰੀ ਸਮਾਂ ਕਿਉਂ ਗਵਾਵਾਂ । ਇਸ ਤੋਂ ਪਤਾ ਲੱਗਦਾ ਹੈ ਕਿ ਉਹ ਕਿੰਨਾ ਗੁਣ ਗਾਹਕ ਸੀ ।

ਗੁਰੂ ਅਮਰਦਾਸ ਜੀ ਦਾ ਫ਼ੁਰਮਾਨ ਹੈ –

**ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ ॥**
**ਪੂਰੇ ਗੁਰ ਕੈ ਸਬਦਿ ਸਮਾਹਿ ॥੧॥ ਰਹਾਉ ॥**
**ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥**
**ਅੰਮ੍ਰਿਤ ਸਬਦਿ ਨਾਮੁ ਵਖਾਣੈ ॥**
**ਜੋ ਗੁਣ ਸੰਗ੍ਰਹੈ ਤਿਨ੍ ਬਲਿਹਾਰੈ ਜਾਉ ॥**
**ਦਰਿ ਸਾਚੈ ਸਾਚੇ ਗੁਣ ਗਾਉ ॥ ॥੪॥੨॥੪੧॥ਆਸਾ (ਮਃ ੩)ਅੰਗ ੩੬੧**

ਸਿੱਖ ਦਾ ਅਰਥ ਹੀ ਹੈ ਜੋ ਸਿਖਦਾ ਹੈ । ਜੀਵਨ ਵਿੱਚ ਕੋਈ ਸਿੱਖਣਾ ਚਾਹੇ ਤਾਂ ਇਹ ਸਿੱਖਿਆ ਦੀ ਵਿੱਦਿਆ ਮੁਕਣ ਵਾਲੀ ਨਹੀਂ । ਹਰ ਪਲ ਕੋਈ ਨਾ ਕੋਈ ਨਵੀਂ ਸਿੱਖਿਆ ਲੈ ਕੇ ਆਉਂਦਾ ਹੈ । ਵਿਦਵਾਨਾਂ ਦਾ ਕਥਨ ਹੈ–

**ਤਬ ਲਗ ਵਿਦਿਆ ਕਉ ਪੜਉ ਜਬ ਲਗ ਘਟਮਹਿ ਪ੍ਰਾਨ ॥**
**ਜਹਾਂ ਧਨੀ ਪਹੁੰਚੇ ਨਹੀਂ ਤਹਾਂ ਪਹੁੰਚੇ ਵਿਦਵਾਨ ॥**

ਰੇਤ ਵਿੱਚ ਖੰਡ ਰਲ ਗਈ ਹੋਵੇ ਤਾਂ ਕਬੀਰ ਸਾਹਿਬ ਕਹਿੰਦੇ ਹਨ ਕਿ ਉਸ ਖੰਡ ਨੂੰ ਵੱਖ ਕਰਨ ਵਾਸਤੇ ਹਾਥੀ ਆ ਜਾਏ ਤਾਂ ਸਫ਼ਲ ਨਹੀਂ ਹੋਵੇਗਾ । ਉਸ ਰੇਤ ਨੂੰ ਖੰਡ ਵਿਚੋਂ

ਵੱਖ ਕਰਨ ਵਾਸਤੇ ਤਾਂ ਕੀੜੀ ਸਫ਼ਲ ਹੋ ਸਕਦੀ ਹੈ । ਕਬੀਰ ਸਾਹਿਬ ਦਾ ਭਾਵ ਹੈ ਕਿ ਗੁਣਾਂ ਨੂੰ ਪ੍ਰਾਪਤ ਕਰਨ ਵਾਸਤੇ ਬੰਦਾ ਹੰਕਾਰੀ ਨਹੀਂ ਚਾਹੀਦਾ । ਨਿੰਰਕਾਰੀ ਅਤੇ ਨਿਮਰਤਾ ਵਾਲਾ ਚਾਹੀਦਾ ਹੈ ।

**ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ ॥**
**ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ ॥੨੩੮॥**

**ਸਲੋਕ (ਭ. ਕਬੀਰ) – ਅੰਗ ੧੩੭੭**

ਰੱਬ ਰੂਪੀ ਖੰਡ ਵੀ ਨਿਮਰਤਾ ਨਾਲ ਮਿਲਦੀ ਹੈ । ਰੱਬੀ ਗੁਣ ਵੀ ਨਿਮਰਤਾ ਨਾਲ ਮਿਲਦੇ ਹਨ । ਗੁਣ ਸਿੱਖਣ ਵਾਸਤੇ ਬੜਾ ਧੀਰਜ ਚਾਹੀਦਾ ਹੈ । ਸਮਾਂ ਲੱਗਦਾ ਹੈ ਬਹੁਤ ਵਾਰੀ ਬੰਦਾ ਗੁਣ ਸਿੱਖਣ ਗਿਆ ਵੀ ਦੂਸਰੇ ਦੇ ਅਵਗੁਣ ਲੈ ਆਉਂਦਾ ਹੈ । ਸਤਿਗੁਰਾਂ ਨੇ ਇਸੇ ਲਈ ਕਿਹਾ ਸੀ ਕਿ ਗੁਣਾਂ ਦੀ ਸਾਂਝ ਕਰਨੀ ਹੈ, ਮਨੁੱਖ ਸਾਰੀ ਉਮਰ ਹੀ ਵਿਦਿਆਰਥੀ ਸਿਖਿਆਰਥੀ ਰਹਿਣਾ ਚਾਹੀਦਾ ਹੈ । ਇੱਕ ਤਾਂ ਮਨ ਵਿੱਚ ਨਿਮਰਤਾ ਹੋਵੇ ਅਤੇ ਗੁਣ ਗਾਹਕ ਹੋਵੇ ਅਤੇ ਜਿੱਥੇ ਵੀ ਮਿਲੇ ਗੁਣ ਪ੍ਰਾਪਤ ਕਰ ਲਵੇ । ਭੱਟ ਨਲ ਸਹਾਰ ਜੀ ਗੁਰੂ ਰਾਮਦਾਸ ਜੀ ਦੀ ਮਹਿਮਾ ਕਰਦੇ ਹੋਏ ਗੁਰੂ ਅਮਰਦਾਸ ਜੀ ਨੂੰ ਨਾਮ ਰਸਕ ਤੇ ਗੁਣਾਂ ਦੇ ਗਾਹਕ ਪ੍ਰਮਾਤਮਾ ਦੇ ਗੁਣਾਂ ਨਾਲ ਪਿਆਰ ਕਰਨ ਵਾਲੇ ਗੁਣਾਂ ਨੂੰ ਚਾਹੁਣ ਵਾਲੇ ਲਿਖਦੇ ਹਨ :

**ਹਰਿ ਨਾਮ ਰਸਿਕੁ ਗੋਬਿੰਦ ਗੁਣ ਗਾਹਕੁ ਚਾਹਕੁ ਤਤ ਸਮਤ ਸਰੇ ॥**
**ਕਵਿ ਕਲ੍ਯ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥੧॥**

**– ਸਵਈਏ ਮਹਲੇ ਚਉਥੇ ਕੇ (ਭਟ ਕਲ੍ਯ) – ਅੰਗ ੧੩੯੬**

ਰੱਬ ਰੂਪੀ ਖੰਡ ਵੀ ਨਿਮਰਤਾ ਨਾਲ ਮਿਲਦੀ ਹੈ । ਰੱਬੀ ਗੁਣ ਵੀ ਨਿਮਰਤਾ ਨਾਲ ਮਿਲਦੇ ਹਨ । ਗੁਣ ਸਿੱਖਣ ਵਾਸਤੇ ਬੜਾ ਧੀਰਜ ਚਾਹੀਦਾ ਹੈ । ਸਮਾਂ ਲੱਗਦਾ ਹੈ ਬਹੁਤ ਵਾਰੀ ਬੰਦਾ ਗੁਣ ਸਿੱਖਣ ਗਿਆ ਵੀ ਦੂਸਰੇ ਦੇ ਅਵਵਗੁਣ ਲੈ ਆਉਂਦਾ ਹੈ । ਸਤਿਗੁਰਾਂ ਨੇ ਇਸੇ ਲਈ ਕਿਹਾ ਸੀ ਕਿ ਗੁਣਾਂ ਦੀ ਸਾਂਝ ਕਰਨੀ ਹੈ, ਮਨੁੱਖ ਸਾਰੀ ਉਮਰ ਹੀ ਵਿਦਿਆਰਥੀ ਸਿਖਿਆਰਥੀ ਰਹਿਣਨਾ ਚਾਹੀਦਾ ਹੈ । ਇੱਕ ਤਾਂ ਮਨ ਵਿੱਚ ਨਿਮਰਤਾ ਹੋਵੇ ਅਤੇ ਗੁਣ ਗਾਹਕ ਹੋਵੇ ਅਤੇ ਜਿੱਥੇ ਵੀ ਮਿਲੇ ਗੁਣ ਪ੍ਰਪਤ ਕਰ ਲਵੇ । ਭੱਟ ਨਲ ਸਹਾਰ ਜੀ ਗੁਰੂ ਰਾਮਦਾਸ ਜੀ ਦੀ ਮਹਿਮਾ ਕਰਦੇ ਹੋਏ ਗੁਰੂ ਅਮਰਦਾਸ ਜੀ ਨੂੰ ਨਾਮ ਰਸਕ ਤੇ ਗੁਣਾਂ ਦੇ ਗਾਹਕ ਪ੍ਰਮਾਤਮਾ ਦੇ ਗੁਣਾਂ ਨਾਲ ਪਿਆਰ ਕਰਨ ਵਾਲੇ ਗੁਣਾਂ ਨੂੰ ਚਾਹੁਣ ਵਾਲੇ ਲਿਖਦੇ ਹਨ:

**ਹਰਿ ਨਾਮ ਰਸਿਕੁ ਗੋਬਿੰਦ ਗੁਣ ਗਾਹਕੁ ਚਾਹਕੁ ਤਤ ਸਮਤ ਸਰੇ ॥**
**ਕਵਿ ਕਲ੍ਯ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥੧॥**

**ਸਵਈਏ ਮਹਲੇ ਚਉਥੇ ਕੇ (ਭਟ ਕਲ੍ਯ) – ਅੰਗ ੧੩੯੬**

ਗੁਣ ਇਕੱਤਰ ਕਰਨ ਵਾਸਤੇ ਕੋਈ ਪਾਤਰ ਕੋਈ ਝੋਲੀ ਤਾਂ ਮਨੁੱਖ ਦੇ ਪਾਸ ਜ਼ਰੂਰ ਹੀ ਚਾਹੀਦੀ ਹੈ । ਇਹ ਝੋਲੀ ਨਿਮਰਤਾ ਦੀ ਹੈ । ਜਿਨ੍ਹਾਂ ਦੇ ਪਾਸ ਨਿਮਰਤਾ ਦੀ ਝੋਲੀ ਹੈ ਉਨ੍ਹਾਂ ਦੇ ਪਾਸ ਸਾਰੇ ਗੁਣ ਇਕੱਠੇ ਹੋ ਜਾਂਦੇ ਹਨ । ਗੁਣਾਂ ਦਾ ਟਿਕਾਣਾ ਹੈ ਹੀ ਨਿਮਰਤਾ ਅਤੇ ਜਿਹਨਾਂ ਦੇ ਪਾਸ ਹੰਕਾਰ ਦਾ ਪਾਤਰ ਹੈ ਉਹ ਗੁਣਾਂ ਤੋਂ ਖਾਲੀ ਰਹਿ ਜਾਂਦੇ ਹਨ । ਪਾਤਰ ਤਾਂ ਹੈ ਪਰ ਉਲਟਾ ਹੈ ਜਿਵੇਂ ਕੋਈ ਬਰਤਨ ਉਲਟਾ ਪਿਆ ਹੋਵੇ ਬਰਸਾਤ ਤਾਂ ਪੈ ਜਾਏ ਪਰ ਬਰਤਨ ਖਾਲੀ ਹੀ ਰਹਿ ਜਾਏ । ਹੰਕਾਰੀ ਉਲਟਾ ਬਰਤਨ ਹੈ । ਬਰਸਾਤ ਵਿੱਚ ਖੱਡੇ ਭਰ ਜਾਂਦੇ ਹਨ ਪਰ ਟਿੱਬੇ ਖਾਲੀ ਰਹਿ ਜਾਂਦੇ ਹਨ ।

**ਊਂਧੈ ਭਾਂਡੈ ਕਛੁ ਨ ਸਮਾਵੈ ਸੀਧੈ ਅੰਮ੍ਰਿਤੁ ਪਰੈ ਨਿਹਾਰ ॥੫॥**

**ਗੂਜਰੀ ਅਸਟ (ਮਃ ੧) - ਅੰਗ ੫੦੪**

ਗੁਣ ਸੰਚਣ ਕਰਨ ਦਾ ਮਨ ਵਿੱਚ ਚਾਅ ਹੋਵੇ ਤਾਂ ਅਕਾਲ ਪੁਰਖ ਉਸ ਦੀ ਝੋਲੀ ਗੁਣਾਂ ਨਾਲ ਭਰ ਦਿੰਦਾ ਹੈ । ਹੰਕਾਰੀ ਬੰਦਾ ਹਮੇਸ਼ਾ ਦੂਸਰੇ ਦੇ ਅਵਗੁਣਾਂ ਦਾ ਜ਼ਿਕਰ ਕਰਦਾ ਹੈ ਅਤੇ ਆਪਣੇ ਗੁਣਾਂ ਦਾ । ਆਪਣੇ ਉਨ੍ਹਾਂ ਗੁਣਾਂ ਦਾ ਜ਼ਿਕਰ ਕਰਦਾ ਹੈ ਜੋ ਉਸ ਵਿੱਚ ਹੈ ਹੀ ਨਹੀਂ ਤੇ ਦੂਸਰੇ ਦੇ ਉਨ੍ਹਾਂ ਅਵਗੁਣਾਂ ਦਾ ਜ਼ਿਕਰ ਕਰਦਾ ਹੈ ਜੋ ਵੇਖੇ ਨਹੀਂ । ਐਸਾ ਬੰਦਾ ਅਵਗੁਣਾਂ ਨਾਲ ਭਰਪੂਰ ਹੋ ਜਾਂਦਾ ਹੈ । ਜੀਵਨ ਝੂਠ ਦਾ ਆਦੀ ਹੋ ਜਾਂਦਾ ਹੈ । ਹੰਕਾਰੀ ਬੰਦਾ ਗੁਣ ਸਿੱਖਦਾ ਹੀ ਨਹੀਂ ਸਿਰਫ਼ ਗੁਣੀ ਜਨਾਂ ਦੀ ਨਿੰਦਾ ਹੀ ਕਰਦਾ ਹੈ । ਕਵੀ ਪਯੂਖ ਐਸੇ ਗੁਣਹੀਣ ਹੰਕਾਰੀ ਪ੍ਰੋਹਿਤ ਬਾਰੇ ਲਿਖਦੇ ਹਨ ਕਿ ਵੱਡੀ ਸਾਰੀ ਪੱਗ ਬੰਨ੍ਹੀ ਹੈ, ਖਾ-ਖਾ ਕੇ ਪੇਟ ਵਧਾਇਆ ਹੈ, ਮੱਥੇ ਤੇ ਤਿਲਕ ਲਗਾਇਆ ਹੈ ਹੱਥ ਵਿੱਚ ਮਾਲਾ ਪਕੜੀ ਹੈ ਅੱਖਰ ਨੂੰ ਤਾਂ ਕਾਲੇ ਨਾਗ ਬਰਾਬਰ ਸਮਝਿਆ ਹੈ । ਇਸੇ ਲਈ ਜ਼ਿੰਦਗੀ ਭਰ ਕਿਸੇ ਕਿਤਾਬ ਨੂੰ ਹੱਥ ਨਹੀਂ ਲਗਾਇਆ ਅਤੇ ਉਸ ਦੀ ਨਜ਼ਰ ਵਿੱਚ ਹਰ ਬੰਦਾ ਗੁਨਾਹਗਾਰ ਹੈ । ਵੱਡੇ-ਵੱਡੇ ਵਿਦਵਾਨ ਕਵੀਆਂ ਨੂੰ ਕਹਿੰਦਾ ਹੈ ਇਹ ਮੂਰਖ ਹਨ । ਜਿਹੜੇ ਗ੍ਰੰਥ ਦੀ ਗੱਲ ਕਰੋ ਕਹਿੰਦਾ ਹੈ ਇਹ ਗ੍ਰੰਥ ਖੰਡਤ ਹੈ । ਇਹ ਗ੍ਰੰਥ ਠੀਕ ਨਹੀਂ ਰਿਹਾ, ਕਦੀ ਠੀਕ ਸੀ ਪਰ ਹੁਣ ਨਹੀਂ । ਮੁੱਛਾਂ ਤੇ ਹੱਥ ਫੇਰ ਕੇ ਕਹਿੰਦਾ ਹੈ ਕਿ ਅੱਜ ਦੇ ਸਮੇਂ ਦਾ ਮੈਂ ਵੇਦ ਵਿਆਸ ਹਾਂ । ਮੇਰੇ ਵਰਗਾ ਅੱਜ ਕੋਈ ਵਿਦਵਾਨ ਨਹੀਂ ।

**ਸੀਮ ਪਰ ਪਗੜ ਔਰ ਗੋਗੜ ਕੋ ਕਾਢ ਆਗੈ,**
**ਮਾਥੇ ਪਰ ਤਿਲਕ ਔਰ ਮਾਲਾ ਕਰਿ ਮੰਡਤ ਹੈ ।**
**ਅਖਰ ਜੋ ਕਾਲਾ ਕਾਲੇ ਨਾਗ ਕੇ ਸਮਾਨ ਜਾਨ,**
**ਆਯੂ ਭਰ ਛੋਹਿਉ ਨਾਹੀ ਸਭ ਕੋ ਆਦੰਡਤ ਹੈ ।**
**ਵਿਦਵਾਨ ਕਵੀਅਨਿ ਕੋ ਮੂੜ ਕਰ ਮਾਨਤ ਹੈ,**
**ਦੇਖ ਸਭ ਗ੍ਰੰਥਨ ਕੋ ਭਾਖੇ ਯਹ ਖੰਡਤ ਹੈ ।**
**ਕਹਿਤ ਪਯੂਖ ਹਾਥ ਮੂਛੋ ਪਰ ਫੇਰ ਕਹੈ,**
**ਬਿਆਸ ਜੀ ਕੇ ਦਾਦਾ ਗੁਰੂ ਹਮ ਮਹਾਂ ਪੰਡਿਤੁ ਹੈ ।**

ਹੰਕਾਰੀ ਬੰਦਾ ਗੁਣ ਨਹੀਂ ਸਿੱਖ ਸਕਦਾ। ਅਸਲ ਵਿੱਚ ਹੰਕਾਰ ਬੰਦੇ ਦੇ ਸਿੱਖਣ ਦੇ ਸਾਰੇ ਹੀ ਦਰਵਾਜ਼ੇ ਬੰਦ ਕਰ ਦਿੰਦਾ ਹੈ। ਹੰਕਾਰੀ ਬੰਦਾ ਗੁਣਾਂ ਦਾ ਵੈਰੀ ਬਣ ਜਾਂਦਾ ਹੈ। ਗੁਣ ਲੈਣ ਵਾਸਤੇ ਕਿੰਨਾ ਨਿਮਰਤਾ ਵਾਲਾ ਮਨ ਚਾਹੀਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇੱਕ ਸ਼ਬਦ ਗੁਰੂ ਰਾਮਦਾਸ ਜੀ ਨੇ ਲਿਖਿਆ ਹੈ ਜੋ ਕਿ ਕਾਨੜਾ ਰਾਗ ਵਿੱਚ ਦਰਜ ਹੈ ਕਿ ਜਨਕ ਕੋਲੋਂ ਗੁਣ ਲੈਣ ਵਾਸਤੇ ਸੁਕਦੇਵ ਰਿਸ਼ੀ ਨੂੰ ਕਿੰਨੀ ਮੁਸ਼ਕਿਲ ਪ੍ਰੀਖਿਆ ਵਿਚੋਂ ਗੁਜ਼ਰਨਾ ਪਿਆ ਸੀ। ਸੁਕਦੇਵ ਰਿਸ਼ੀ ਬ੍ਰਾਹਮਣ ਸੀ ਤੇ ਜਨਕ ਛਤਰੀ ਸੀ। ਇਹ ਰਾਜੇ ਜਨਕ ਦੀ ਚਰਣੀ ਪਿਆ ਸੀ। ਗੁਣ ਲੈਣ ਲਗਿਆਂ ਜਾਤ ਦਾ ਹੰਕਾਰ ਛੱਡਣਾ ਹੀ ਪੈਂਦਾ ਹੈ। ਜਨਕ ਯੱਗ ਕਰ ਰਿਹਾ ਸੀ ਜੂਠੀਆਂ ਪੱਤਲਾਂ ਸੁਕਦੇਵ ਦੇ ਸਿਰ ਵਿੱਚ ਪਈਆਂ ਪਰ ਉਸ ਨੇ ਚਿੱਤ ਨਹੀਂ ਡੁਲਾਇਆ ਤੇ ਬ੍ਰਹਮ ਗਿਆਨ ਨੂੰ ਪ੍ਰਾਪਤ ਹੋਇਆ। ਵਿਆਸ ਮੱਛੀ ਦੀ ਕੁਲ ਵਿਚੋਂ ਮਛੋਦਰੀ ਦਾ ਪੁੱਤਰ ਸੀ ਪਰ ਪੂਜਾ ਹੋਈ ਹੈ। ਬ੍ਰਹਮਾ ਕਮਲ ਦਾ ਪੁੱਤਰ ਸੀ। ਭਗਤ ਕਿਸੇ ਜਾਤ ਦਾ ਵੀ ਹੋਵੇ ਉਸਦਾ ਸਤਿਕਾਰ ਕਰੋ ਤਾਂ ਹੀ ਕੁਝ ਪ੍ਰਾਪਤ ਹੋਵੇਗਾ। ਗੁਣੀ ਜਨ ਤੋਂ ਘਿਰਣਾ ਕੀਤਿਆਂ ਤਾਂ ਕੁਝ ਨਹੀਂ ਮਿਲੇਗਾ।

**ਭਗਤ ਜਨਾ ਕਉ ਸਦਾ ਨਿਵਿ ਰਹੀਐ ਜਨ ਨਿਵਹਿ ਤਾ ਫਲ ਗੁਨ ਪਾਵੈਗੋ ॥**
**ਜੋ ਨਿੰਦਾ ਦੁਸਟ ਕਰਹਿ ਭਗਤਾ ਕੀ ਹਰਨਾਖਸ ਜਿਉ ਪਚਿ ਜਾਵੈਗੋ ॥੫॥**
**ਬ੍ਰਹਮ ਕਮਲ ਪੁਤੁ ਮੀਨ ਬਿਆਸਾ ਤਪੁ ਤਾਪਨ ਪੂਜ ਕਰਾਵੈਗੋ ॥**
**ਜੋ ਜੋ ਭਗਤੁ ਹੋਇ ਸੋ ਪੂਜਹੁ ਭਰਮਨ ਭਰਮੁ ਚੁਕਾਵੈਗੋ ॥੬॥**
**ਜਾਤ ਨਜਾਤਿ ਦੇਖਿ ਮਤ ਭਰਮਹੁ ਸੁਕ ਜਨਕ ਪਗੀਂ ਲਗਿ ਧਿਆਵੈਗੋ ॥**
**ਜੂਠਨ ਜੂਠਿ ਪਈ ਸਿਰ ਊਪਰਿ ਖਿਨੁ ਮਨੂਆ ਤਿਲੁ ਨ ਡੁਲਾਵੈਗੋ ॥੭॥**

**ਜਨਕ ਜਨਕ ਬੈਠੇ ਸਿੰਘਾਸਨਿ ਨਉ ਮੁਨੀ ਧੂਰਿ ਲੈ ਲਾਵੈਗੋ ॥**
**ਨਾਨਕ ਕ੍ਰਿਪਾ ਕ੍ਰਿਪਾ ਕਰਿ ਠਾਕੁਰ ਮੈ ਦਾਸਨਿ ਦਾਸ ਕਰਾਵੈਗੋ ॥੮॥੨॥**
**- ਕਾਨੜਾ (ਮਃ ੪)-ਅੰਗ ੧੩੦੯**

ਜਨਕ ਵਰਗਾ ਗਿਆਨਵਾਨ ਰਾਜਾ ਉਸ ਸਮੇਂ ਦੇ ਨੌਂ ਮਹਾਂਪੁਰਖਾਂ ਦੀ ਚਰਨ ਧੂੜ ਲੈ ਕੇ ਮੱਥੇ ਤੇ ਲਗਾਉਂਦਾ ਹੈ। ਪਰ ਜਦੋਂ ਅਸ਼ਟਾਵਕਰ ਵਰਗਾ ਬੰਦਾ ਜਿਸ ਦੇ ਸਰੀਰ ਨੂੰ ਅੱਠ ਵਲ ਪੈਂਦੇ ਹਨ ਉਸ ਵਿੱਚ ਜਦੋਂ ਰੱਬੀ ਗੁਣ ਵੇਖੇ ਤਾਂ ਗੁਣ ਗਾਹਕ ਜਨਕ ਨੇ ਫੌਰਨ ਅਸ਼ਟਾਵਕਰ ਦੇ ਚਰਨ ਫੜ ਲਏ ਤੇ ਕਿਹਾ ਤੁਹਾਡੇ ਕੋਲ ਗੁਣ ਹੈ ਇਹ ਮੇਰੀ ਝੋਲੀ ਵਿੱਚ ਪਾਉ। ਜਿਹੜਾ ਬੰਦਾ ਲੋਕ ਲਾਜ ਵਿੱਚ ਫਸਿਆ ਹੈ ਅਤੇ ਹੰਕਾਰੀ ਹੈ, ਉਸ ਨੂੰ ਦੈਵੀ ਗੁਣ ਕਿਵੇਂ ਪ੍ਰਾਪਤ ਹੋਣਗੇ।

ਜਿਸ ਚੀਜ਼ ਵਿੱਚ ਉਸ ਦੇ ਧਰਮ ਅਨੁਸਾਰ ਗੁਣ ਨਹੀਂ ਉਸ ਵਸਤੂ ਦੀ ਕੋਈ ਕਦਰ ਕੀਮਤ ਨਹੀਂ ਰਹਿ ਜਾਂਦੀ। ਫੁੱਲ ਵਿੱਚ ਸੁਗੰਧੀ ਨਹੀਂ ਤਾਂ ਉਸ ਨੂੰ ਫੁੱਲ ਕੌਣ ਆਖੇਗਾ। ਗੰਨੇ ਵਿੱਚ ਮਿਠਾਸ ਨਹੀਂ ਤਾਂ ਉਸ ਨੂੰ ਕੌਣ ਖਰੀਦੇਗਾ। ਜਿਸ ਦੁੱਧ ਵਿੱਚ

ਮੱਖਣ ਨਹੀਂ ਉਸ ਦੁੱਧ ਨੂੰ ਦੁੱਧ ਕੌਣ ਕਹੇਗਾ। ਜੇ ਖਾਲਸੇ ਵਿੱਚ ਖਾਲਸੇ ਵਰਗੇ ਗੁਣ ਹੋਣਗੇ ਤਾਂ ਹੀ ਕੋਈ ਖਾਲਸਾ ਕਹੇਗਾ।

ਭਾਈ ਗੁਰਦਾਸ ਜੀ ਇੱਕ ਪ੍ਰਮਾਣ ਦੇਂਦੇ ਹਨ ਕਿ ਬੱਚੇ ਰਾਤ ਨੂੰ ਰਾਜਾ ਤੇ ਪਰਜਾ ਦੀ ਖੇਡ ਖੇਡਦੇ ਹਨ। ਇੱਕ ਬੱਚਾ ਰਾਜਾ ਬਣ ਕੇ ਬੈਠ ਗਿਆ ਸੀ। ਦੂਸਰੇ ਬੱਚਿਆਂ ਨੇ ਠੀਕਰੀਆਂ ਦੀ ਬੋਰੀ ਭਰੀ ਮਾਮਲਾ ਤਾਰ ਦਿੱਤਾ। ਪਰ ਘੜੀ ਬਾਅਦ ਖੇਡ ਉਜਾੜ ਕੇ ਘਰ ਨੂੰ ਚਲੇ ਗਏ ਹਨ। ਇਸੇ ਤਰ੍ਹਾਂ ਦੇ ਅਨੇਕਾਂ ਪਾਖੰਡੀ ਗੁਰੂ ਹਨ ਜੋ ਬੱਚਿਆਂ ਵਾਂਗੂੰ ਖੇਡ ਰਚਾ ਲੈਂਦੇ ਹਨ। ਗੁਰੂ ਵਾਲਾ ਗੁਣ ਕੋਈ ਨਹੀਂ, ਖੇਡ ਉਜੜ ਜਾਂਦੀ ਹੈ। ਖਾਲਸੇ ਨੂੰ ਸਤਿਗੁਰਾਂ ਨੇ ਗੁਣ ਦਿੱਤੇ ਹਨ ਤੇ ਗੁਣ ਗਾਹਕ ਬਣਾਇਆ ਹੈ। ਭਾਈ ਗੁਰਦਾਸ ਜੀ ਲਿਖਦੇ ਹਨ-

**ਰਾਤੀ ਨੀਂਗਰ ਖੇਲਦੇ ਸਭ ਹੋਇ ਇਕਠੇ।**
**ਰਾਜਾ ਪਰਜਾ ਹੋਵਦੇ ਕਰਿ ਸਾਂਗ ਉਪਠੇ।**
**ਇਕਿ ਲਸਕਰ ਲੈ ਧਾਵਦੇ ਇਕਿ ਫਿਰਦੇ ਨਠੇ।**
**ਠੀਕਰੀਆਂ ਹਾਲੇ ਭਰਨਿ ਉਇ ਖਰੇ ਅਸਠੇ।**
**ਖਿਨ ਵਿਚਿ ਖੇਡ ਉਜਾੜਿਦੇ ਘਰੁ ਘਰੁ ਨੂੰ ਤ੍ਰੁਠੇ।**
**ਵਿਣੁ ਗੁਣੁ ਗੁਰੂ ਸਦਾਇਦੇ ਓਇ ਖੋਟੇ ਮਠੇ ॥੯॥(ਵਾਰ ੩੬ ਪਉੜੀ ੯)**

ਵਿੱਦਿਆ ਤੋਂ ਬਿਨਾਂ ਮਾਣ ਕਿਵੇਂ ਹੋ ਸਕਦਾ ਹੈ ਅਤੇ ਜਦੋਂ ਤੱਕ ਰੱਬੀ ਗੁਣ ਨਾ ਹੋਣ ਸਤਿਕਾਰ ਅਦਬ ਕਿਵੇਂ ਮਿਲ ਸਕਦਾ ਹੈ। ਸੂਰਮਤਾ ਬਿਨਾਂ ਜਿੱਤ ਕਿਵੇਂ ਹੋ ਸਕਦੀ ਹੈ ਧਿਆਨ ਤੋਂ ਬਿਨਾਂ ਮਨ ਕਿਵੇਂ ਟਿੱਕ ਸਕਦਾ ਹੈ-

**ਗੁਣ ਬਿਹੀਨ ਪੂਜਾ ਕਹਾ ਵਿਦਿਆ ਬਿਨ ਮਾਨਾ॥**
**ਜੀਤ ਕਹਾਂ ਬਿਨ ਸੂਰਤਾ ਮਨ ਥਿਤ ਬਿਨ ਧਿਆਨਾ ॥**

ਗੁਰਬਿਲਾਸ ਪਾਤਸ਼ਾਹੀ ਦਸਵੀਂ ਵਿੱਚ ਬੜਾ ਸੁੰਦਰ ਲਿਖਿਆ ਹੈ ਕਿ ਮਨਮੁਖ ਹੰਕਾਰੀ ਹੈ ਤੇ ਉਸ ਦਾ ਸੁਭਾਅ ਹੈ ਕਿ ਗੁਣ ਛੱਡ ਦੇਣੇ ਹਨ ਅਤੇ ਅਵਗੁਣ ਹੀ ਇਕੱਠੇ ਕਰਨੇ ਹਨ। ਕਮਲ ਤੇ ਜਾਲਾ ਦੋਵੇਂ ਹੀ ਪਾਣੀ ਵਿੱਚ ਹਨ। ਨੀਚ ਡੱਡੂ ਜਾਲਾ ਖਾਂਦਾ ਹੈ। ਨੀਚ ਜੋਕ ਗਊ ਮੱਝ ਦੇ ਥਣਾਂ ਕੋਲ ਹੋਵੇ ਦੁੱਧ ਨਹੀਂ ਪੀਂਦੀ, ਖ਼ੂਨ ਹੀ ਪੀਂਦੀ ਹੈ।

**ਜਲਜ ਸਿਬਾਲ ਦੋਊ ਜਲ ਮਾਹੀ ॥**
**ਦਾਦਰ ਨੀਚ ਸਿਬਾਲ ਸੁ ਖਾਹੀ ॥**
**ਤਿਮ ਸਾਕਤ ਸੰਤਨ ਕੇ ਪਾਸਾ ॥**
**ਨਿਸ ਦਿਨ, ਗੁਨ ਤੇ ਰਹਿਤ ਨਿਰਾਸਾ ॥**
**ਗਊ ਭੈਂਸ ਤਨ ਜੋਕ ਲਗਈਐ ॥**

ਛੀਰ ਨਾ ਗਹੈ ਰੁਧਰ ਕੋ ਪੀਐ ॥

ਸਤਿਗੁਰੂ ਅਰਜਨ ਦੇਵ ਜੀ ਵੀ ਮਾਰੂ ਰਾਗ ਵਿੱਚ ਫ਼ਰਮਾਉਂਦੇ ਹਨ-

**ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ ॥**
**ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀ ਰੇ ॥੧॥**
**ਦਾਦਰ ਤੂ ਕਬਹਿ ਨ ਜਾਨਸਿ ਰੇ ॥**
**ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ ॥੧॥**
**ਰਹਾਉ ॥ ਮਾਰੂ (ਮ: ੧) - ਅੰਗ ੯੯੦**

ਹੇ ਪਾਣੀ ਦੇ ਚਤਰ ਡੱਡੂ ਇਹ ਗੱਲ ਤੇਰੀ ਸਮਝ ਵਿੱਚ ਨਹੀਂ ਆਉਣੀ । ਭਵਰਾ ਦੂਰੋਂ ਆ ਕੇ ਸੁਗੰਧੀ ਲੈ ਜਾਂਦਾ ਹੈ । ਤੂੰ ਕੋਲ ਬੈਠਾ ਹੀ ਖਾਲੀ ਹੈਂ । ਪ੍ਰਮਾਤਮਾ ਨੇ ਅੰਮ੍ਰਿਤ ਵਰਗੇ ਦੁੱਧ ਵਿੱਚ ਕਿੰਨੀ ਮਿਠਾਸ ਪਾਈ ਹੈ ਪਰ ਤੂੰ ਚਿੱਚੜ ਵਰਗਾ ਹੈ । ਜੋ ਖ਼ੂਨ ਨਾਲ ਹੀ ਪ੍ਰੀਤੀ ਕਰਦਾ ਹੈਂ ।

ਕਿਸੇ ਵਿਦਵਾਨ ਕੋਲ ਮੂਰਖ ਬੈਠਾ ਹੋਇਆ ਵੇਦ ਸ਼ਾਸਤਰ ਵੀ ਸੁਣੀ ਜਾਏ ਜੋ ਗੁਣ ਗਾਹਕ ਨਹੀਂ ਤਾਂ ਸਮਝ ਲੈਣਾ ਕਿ ਜੇ ਇਹ ਗੁਣ ਗਾਹਕ ਨਹੀਂ ਇਸ ਨੂੰ ਕੁਝ ਨਹੀਂ ਮਿਲਿਆ ਤਾਂ ਇਸ ਦੇ ਧੁਰੋਂ ਭਾਗ ਹੀ ਖੋਟੇ ਹਨ ।

ਹੇ ਮੇਰੇ ਮਨ ਤੂੰ ਤਾਂ ਨਾਮ ਜਪ ਤਾਂ ਕਿ ਗੁਣ ਗਾਹਕ ਬਣ ਸਕੇਂ ।

**ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ ॥**
**ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ ॥੨॥**
**ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂ ਬਨ ਚਾਤੁਰ ਰੇ ॥**
**ਅਪਨਾ ਆਪੁ ਤੂ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ ॥੩॥**
**ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਸਾਸ ਸੁਨੇ ॥**
**ਅਪਨਾ ਆਪੁ ਤੂ ਕਬਹੁ ਨ ਛੋਡਸਿ ਸੁਆਨ ਪੂਛਿ ਜਿਉ ਰੇ ॥੪॥**
**ਇਕਿ ਪਾਖੰਡੀ ਨਾਮਿ ਨ ਰਾਚਹਿ ਇਕਿ ਹਰਿ ਹਰਿ ਚਰਣੀ ਰੇ ॥**
**ਪੂਰਬਿ ਲਿਖਿਆ ਪਾਵਸਿ ਨਾਨਕ ਰਸਨਾ ਨਾਮੁ ਜਪਿ ਰੇ ॥੫॥੪॥**

**ਮਾਰੂ (ਮ: ੧) - ਅੰਗ ੯੯੦**

ਖਾਲਸੇ ਨੇ ਭਵਰੇ ਵਾਲੀ ਬਿਰਤੀ ਰੱਖਣੀ ਹੈ, ਕੰਮੀ ਵਾਲੀ ਬਿਰਤੀ ਰੱਖਣੀ ਹੈ, ਉਹ ਚੰਦ ਨੂੰ ਵੇਖ ਕੇ ਖਿੜਦੀ ਹੈ । ਸਿੱਖ ਨੇ ਗੁਰੂ ਦੇ ਦੀਦਾਰ ਕਰਕੇ ਵਿਗਾਸ ਵਿੱਚ ਆਉਣਾ ਹੈ ।

ਮੂਰਖ ਢੀਠ ਦੇ ਔਗੁਣ ਡੱਡੂ ਵਾਲਾ ਸੁਭਾ ਚਿੱਚੜ ਵਾਲਾ ਸੁਭਾਅ, ਸੁਆਨ ਪੂੰਛ

ਵਿੰਗੀ ਕਹਿਣ ਵਾਲਾ ਸੁਭਾਅ। ਪਾਖੰਡੀਆਂ ਵਾਲਾ ਸੁਭਾਅ। ਇਸ ਤੋਂ ਬੱਚ ਕੇ ਰਹਿਣਾ ਹੈ। ਸਤਿਗੁਰੂ ਕਹਿੰਦੇ ਹਨ ਗੁਣ ਲੈਣੇ ਹਨ ਅਵਗੁਣਾਂ ਵਿਚੋਂ ਵੀ ਗੁਣ ਚੁਣ ਲੈਣੇ ਹਨ। ਜਿਵੇਂ ਹੰਸ ਦੁੱਧ ਤੇ ਪਾਣੀ ਅੱਡ-ਅੱਡ ਕਰ ਦੇਂਦਾ ਹੈ।

ਸਤਿਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ -

**ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥**
**ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥**
**ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥**
**ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥**
**ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥**
**ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩॥**

**ਸੂਹੀ (ਮਃ ੧) - ਅੰਗ ੭੬੬**

ਇਹ ਯਾਦ ਰੱਖਣਾ ਹੈ ਕਿ ਅੰਮ੍ਰਿਤ ਵੀ ਝੋਲ ਕੇ ਹੀ ਪੀਣਾ ਹੈ। ਝੋਲਣਾ ਕੀ ਹੈ, ਪਰਖ ਨਾਲ ਨਖੇੜਾ ਕਰਨਾ ਹੈ। ਸੰਸਾਰ ਬਿਰਖ ਨੂੰ ਦੋ ਫਲ ਲੱਗੇ ਹਨ : ਇੱਕ ਜ਼ਹਿਰ ਹੈ, ਇੱਕ ਅੰਮ੍ਰਿਤ ਛੱਕਣਾ ਹੈ।

**ਚਲਦਾ...**

## ਗਤੀਵਿਧੀਆਂ - ਦਸੰਬਰ 2018

**ਨਾਨਕਸ਼ਾਹੀ ਜੰਤਰੀ ਅਨੁਸਾਰ ਪੋਹ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-**

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 16-12-2018 ਦਿਨ ਐਤਵਾਰ ਨੂੰ ਸ਼ਾਮ 6.00 ਤੋਂ 9.00 ਵਜੇ ਤੱਕ "ਪੋਖਿ ਤੁਖਾਰੁ ਨਾ ਵਿਆਪਈ ਕੰਠਿ ਮਿਲਿਆ ਹਰਿ ਨਾਹ ॥' ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟਿਚਿਊਟ ਦੇ ਵਿਦਿਆਰਥੀਆਂ ਨੇ ਕੀਰਤਨ ਅਤੇ ਭਾਈ ਹਰਵੀਰ ਸਿੰਘ ਵਾਇਸ ਪ੍ਰਿਸੀਪਲ ਨੇ ਕਥਾ ਰਾਹੀਂ ਸੇਵਾ ਨਿਭਾਈ। ।ਉਪ੍ਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

## ਜਨਵਰੀ 2019

**1. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਅਤੇ ਮਾਘ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਅਤੇ ਮਾਘ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 14-01-2019 ਦਿਨ ਸੋਮਵਾਰ ਸ਼ਾਮ ਨੂੰ 6.00 ਤੋਂ 8.30 ਵਜੇ ਤੱਕ ਸਮਾਗਮ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

HELP NEEDY

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਦਸੰਬਰ 2018 ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 55 | 163 | 218 |
| 2 | Eye | 11 | 20 | 31 |
| 3 | Cardiology | 03 | 32 | 35 |
| 4 | Dental | 17 | 56 | 73 |
| 5 | Gynaecology | 08 | 35 | 43 |
| 6 | Homoeopathy | 37 | 438 | 475 |
| | Total | 131 | 744 | 875 |
| | Laboratory | 157 | | 157 |

## ਧੰਨਵਾਦਿ :

# ਦਸੰਬਰ 2018 ਦੌਰਾਨ ਪ੍ਰਾਪਤ ਸਹਾਇਤਾ ਦਾ ਵੇਰਵਾ:-

1. S. Harmohinder Singh #992/Sector- 69 48,000/-
2. S. Hari Singh #307/Sector-35A/Chd 15,000/-
3. Col. H.S Uppal #306/Sec. 33A/Chd 70,000/-
4. S. M.S. Bhatia #110/Sector-70/Mohali 10,000/-
5. S. Jasdeep Singh #171/Phase-6/Mohali 20,000/-
6. Dr. S.S. Walia #1547/Phase-10/Mohali 5,000/-
7. S. Harsimran Singh #207/Phase-4/Mohali 2,000/-
8. Smt. Nripjit Kaur# 39 Sant Fateh Singh Nagar Dugri /Ludhiana 3,000/-
9. Bibi Rajleen Kaur #836/Phase II/Mohali 500/-
10. Bibi. Harleen Kaur Sarna #107G, Shivalik Vihar Naya Goan, Mohali 500/-
11. Bibi Harpreet Kaur #461/Sec 44A/Chd 1,000/-
12. S. Harsharnpal Singh Bhatia #461/Sec. 44A 1,000/-
13. Bibi Gurdeep Kaur #461/Sec. 44A/Chd 1,000/-
14. S. Manjit Singh #143/1/Sec .45A/Chd 21,000/-
15. S. N.P.S. Shinh/Bakelite Hylam Ltd./ Surya Tower/Secundrabad 30,000/-
16. S. Dilbagh Singh/ Satkar Properties / Mundi Kharar 500/-
17. S. Karnail Singh/Mundi Kharar 200/-
18. S. Dilpreet Singh/Mundi Kharar 50/-
19. S. Rajinder Singh/Mundi Kharar 100/-
20. S. Amarjit Singh/Mundi Kharar 100/-
21. S. Japtej Singh/Mundi Kharar 300/-
22. S. Naunihal Singh/Mundi Kharar 500/-
23. S. Jagjit Singh/Mundi Kharar 100/-
24. Bibi Rajinder Kaur #345/Sec. 15A/Chd 5,000/-
25. S. M.S. Chahal #406/Sec. 37A/Chd 2,100/-
26. Col. Ranjit Singh (HUF) #207/Sector-33A 8,500/-
27. Col. Ranjit Singh #207/Sector-33A/Chd 40,000/-
28. S. Harjinder Singh Sachdeva #320/Sec-46A 5,000/-
29. S. D.P Singh #393/Phase- 9/Mohali 1,200/-
30. S. Harjinder Singh/Sunny Enclave/M.K 500/-
31. Dr. Saranjit Singh # 2817/Phase-7/Mohali 2,000/-
32. S. Sarbjit Singh #0049/Comfort Homes/Kharar 3,000/-
33. Bibi Ranjit Kaur E-3/Greater Kailash/Pt.1/New Delhi 50,000/-
34. Bibi Manjeet Kaur #3303/Sec. 32D/Chd 1,000/-
35. S. Dhanwant Singh #447/Phase-IV/Mohali 1,000/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।